## ਜ਼ੁਬੇਰ ਅਹਿਮਦ

ਡਾਕੂਮੈਂਟ ਚ ਮੇਰਾ ਨਾਂ ਮੁਹੰਮਦ ਜ਼ੁਬੇਰ ਐ। ਲੇਕਿਨ ਜਦ ਮੈਂ ਵੱਡਾ ਹੋਇਆ, ਮੇਰੀ ਮਾਂ ਨੇ ਕਿਹਾ ਕਿ "ਮੈਨੂੰ ਅਹਿਮਦ ਪਸੰਦ ਸੀ, ਮੈਂ ਤੇਰਾ ਨਾਂ ਜ਼ੁਬੇਰ ਅਹਿਮਦ ਰੱਖਣਾ ਚਾਂਹਦੀ ਸਾਂ।" ਮੈਂ ਲਾਹੌਰ ਚ ਪੈਦਾ ਹੋਇਆ। ਆਪਣੇ ਲਾਹੌਰ ਦਾ ਇੱਕ ਮੁਹੱਲਾ ਹੈ ਕ੍ਰਿਸ਼ਨ ਨਗਰ, ਪੁਰਾਣਾ ਮੁਹੱਲਾ ਐ ਔਰ 1930s ਬਣਿਆ ਸੀ। ਬੜਾ ਸਾਫ ਸੁਥਰਾ, ਖਬਸੂਰਤ ਹੈ। ਹਿੰਦੂ ਸੀ, ਜਿਆਦਾ ਘਰ ਹਿੰਦੂਆਂ ਦੇ ਸਨ ਤੇ ਫਿਰ ਅਸੀਂ ਜਿਹੜੇ ਮੇਰੇ ਮਾਂ ਬਾਪ ਨੇ, ਉਹ ਈਸਟ ਪੰਜਾਬ ਤੋਂ ਆਏ ਨੇ, ਚੜਦੇ ਪੰਜਾਬ ਤੋਂ। ਔਰ ਮੇਰੇ ਜਿਹੜੇ ਵਾਲਿਦ ਸਾਹਿਬ ਸਨ, ਉਹ ਬਟਾਲੇ ਦੇ ਸਨ, ਉਹਨੂੰ ਬਟਾਲਾ ਵੀ ਕਹਿੰਨੇ ਆ ਅਸੀਂ, ਉਹ ਜਿਲਾ ਜਿਹੜਾ ਉਹ ਗੁਰਦਾਸਪੁਰ ਐ। ਵਾਲਿਦਾ ਮੇਰੇ ਨੇ ਜਿਹੜੇ ਉਹ ਗੁਰਦਾਸਪੁਰ ਸ਼ਹਿਰ ਤੋਂ ਸਨ, ਲੇਕਿਨ ਮੈਂ ਲਾਹੌਰ ਦਾ ਜੰਮਪਲ ਆਂ, ਔਰ ਸਾਰੀ ਮੇਰੀ ਜਿਹੜੀ ਤਾਲੀਮ ਐ, ਉਹ ਕ੍ਰਿਸ਼ਨ ਨਗਰ ਦੇ ਨਾਲ ਈ ਇੱਕ ਸਕੂਲ ਸੀ, ਉਥੇ ਹੋਈ। ਇਸਲਾਮੀਆ ਕਾਲਜ, ਸਿਵਲ ਲਾਈਨਜ ਚੋਂ ਮੈਂ ਗਰੈਜੂਏਸ਼ਨ ਕੀਤੀ। ਪੰਜਾਬ ਯੂਨੀਵਰਸਿਟੀ ਚ ਮੈਂ ਫਿਲਾਸਫੀ ਚ ਦਾਖਲਾ ਲਿਆ, ਲੇਕਿਨ ਐਹ ਜਮਾਨਾ ਹੈ 78 ਦਾ, ਉਦੋਂ ਮਾਰਸ਼ਲ ਆ ਗਿਆ ਸੀ, ਹਾਲਾਤ ਬੜੇ ਖਰਾਬ ਸਨ, ਮੈਂ ਪੜ ਨਹੀਂ ਸਕਿਆ। ਜਦ ਮੈਂ ਕਾਲਜ ਦੇ ਜਮਾਨੇ ਚ ਸਾਂ ਤਾਂ ਮੈਂ ਸਾਰੇ ਉਥੇ ਨੈਸ਼ਨਲ ਸਟੂਡੈਂਟਸ ਆਰਗੇਨਾਈਜੇਸ਼ਨ ਸੀ NSF, ਜਿਹੜੀ ਇਕ ਸੋਸ਼ਲਿਸਟ ਆਰਗੇਨਾਈਜੇਸ਼ਨ ਸੀ। ਅਸੀਂ ਸਾਰੇ ਲੋਗ ਉਹ ਉਦੋਂ 70s ਦਾ ਪੀਰੀਅਡ ਸੀ, ਉਦੋਂ ਜਿਵੇਂ ਕਿਸੇ ਨੇ ਕਿਹਾ ਜਦੋਂ ਬੰਦਾ ਜਵਾਨ ਹੁੰਦਾ ਜਾਂ ਉਹ ਆਸ਼ਕ ਹੁੰਦਾ ਜਾਂ ਸ਼ਾਇਰ ਹੁੰਦਾ, 70s ਜਿਹੜਾ ਇਕ ਐਸਾ ਪੀਰੀਅਡ ਸੀ ਸਾਡੇ ਲਾਹੌਰ ਦੀ ਤਾਰੀਖ ਵਿੱਚ ਕਿ ਜਾਂ ਤਾਂ ਤੁਸੀਂ ਸੋਸ਼ਲਿਸਟ ਸੀ ਜਾਂ ਤੇ ਤੁਸੀਂ ਕੁਛ ਨਹੀਂ ਸੋ। ਸੋ ਸੋਸ਼ਲਿਜ਼ਮ ਦਾ ਬਹੁਤ ਜਿਆਦਾ ਸੀ। ਮੈਨ ਫਸਟ ਯੀਅਰ ਚ ਈ ਸਾਂ, ਮੈਂ 15-16 ਸਾਲ ਦਾ ਈ ਸਾਂ, ਉਦੋਂ ਤਾਂ ਸਕੂਲ ਦੇ ਬਾਅਦ ਸਮਝ ਲਓ, ਮੈਂ ਉਹਨਾਂ ਦੇ ਇਨਫਲੂਐਂਸ ਚ ਆ ਗਿਆ ਔਰ ਉਹਦਾ ਮੈਂ ਬਣ ਗਿਆ। ਜਦੋਂ ਮੈਂ ਯੂਨਵਰਿਸਟੀ ਚ ਪਹੁੰਚਿਆ ਤਾਂ ਆਈ ਵਾਜ, ਥੋੜਾ ਜਿਹਾ ਉਹ ਮੈਨੂੰ ਜਾਣਦੇ ਸਨ ਜਿਹੜੇ ਕਿ ਇਸਲਾਮਕ ਗਰੁੱਪ ਜਿਹੜਾ ਸੀ, ਉਹਨਾਂ ਨੇ ਫਿਰ ਮੈਨੂੰ ਥਰੈਟਨ ਬਗੈਰਾ ਵੀ ਕਰਦੇ ਰਹੇ ਤੇ ਮੈਂ ਫਿਰ ਡਿਸਹਾਰਟ ਹੋ ਕੇ, I left the department, ਮੈਂ ਫਿਰ ਯੌਰਪ ਚਲਾ ਗਿਆ, ਮੈਂ, ਮੇਰੇ ਉਤੇ, ਕੁਛ ਅਰਸਾ ਉਥੇ ਰਿਹਾ ਇਟਲੀ ਦੇ ਵਿੱਚ। ਮੈਂ ਸਾਲ ਤੋਂ ਜਿਆਦਾ ਰਿਹਾ ਸ਼ਾਇਦ, ਫਿਰ ਮੈਂ ਵਾਪਿਸ ਆ ਗਿਆ। ਮੇਰਾ ਜਿਆਦਾ ਨਹੀਂ ਮਨ ਉਥੇ ਲੱਗਿਆ। ਮੈਂ ਫਿਰ ਆ ਕੇ ਆਪਣੀ ਅੰਗਰੇਜੀ ਦੇ ਵਿੱਚ ਇੰਗਲਿਸ਼ ਦੇ ਵਿੱਚ ਐਮ ਏ ਕੀਤਾ, ਮੈਂ ਫਿਰ ਮਾਸਟਰ ਕੀਤਾ। ਉਹਦੇ ਬਾਅਦ ਮੈਂ ਇਕ ਡਿਪਲੋਮਾ ਵੀ ਕੀਤਾ ਈ ਐਲ ਟੀ ਐਸ, 1987 ਵਿੱਚ ਪੰਜਾਬ ਗੌਰਮਿੰਟ ਦਾ ਜਿਹੜਾ ਹੈਗਾ ਐਜੂਕੇਸ਼ਨ ਡੀਪਾਰਟਮੈਂਟ, ਉਹ ਜੁਆਇਨ ਕਰ ਲਿਆ ਐਜ ਏ ਲੈਕਚਰਾਰ ਤੇ ਹੁਣ ਮੈਂ ਜਿਹੜਾ ਅਸਿਸਟੈਂਟ ਪ੍ਰੋਫੈਸਰ, 25-26 ਸਾਲ ਹੋ ਗਏ ਨੇ ਮੈਨੂੰ ਪੜਾਂਦੇ।

ਲਿਖਣ ਪੜਨ ਦਾ ਸ਼ੌਕ ਮੈਨੂੰ ਬਚਪਨ ਤੋਂ ਈ ਸੀ, ਮੈਂ ਆਪਣੇ ਈ ਤੌਰ ਤੇ, ਕਿਉਂ ਸੀ? ਐਹ ਨੀ ਮੈਨੂੰ ਪਤਾ, ਲੇਕਿਨ, ਇਹ ਕਿ ਜਦ ਮੈਂ ਸਕੂਲ ਪੜਦਾ ਸੀ ਤੇ, ਉਥੋਂ ਦੀ ਮੈਂ ਦੇਖਦਾਂ ਸਾਂ ਖਿੜਕੀ ਚ ਕਿਤਾਬਾਂ ਪਈਆਂ ਹੁੰਦੀਆਂ ਸੀ, ਅਲਮਾਰੀ ਦੇ ਵਿੱਚ ਸਕੂਲ ਦੀਆਂ ਤੇ ਹੋਰ। ਮੈਂ ਆਪਣੇ ਟੀਚਰ ਨੂੰ ਕਿਹਾ ਕਿ ਮੈਨੂੰ ਕਿਤਾਬਾਂ ਪੜਨ ਦਾ ਸ਼ੌਕ ਐ ਤੇ ਉਹਨੇ ਮੈਨੂੰ ਨਾ ਉਹਦਾ ਇੰਚਾਰਜ ਬਣਾ ਦਿੱਤਾ। ਸਾਰੀ ਸਫਾਈ ਸਫੂਈ ਕਰਨੀ ਹੁੰਦੀ ਸੀ ਅਲਮਾਰੀਆਂ ਦੀ ਇਹ, ਵੋ। 6ਵੀਂ 7ਵੀਂ ਚ ਮੈਂ ਪੜਨਾ ਸਾਂ। ਉਹ ਸਫਾਈ ਦੇ

ਲਾਲਾਚ, ਉਹ ਸਫਾਈ ਵੀ ਮੈਂ ਕਰਨਾ ਸਾਂ ਐਸ ਲਾਲਚ ਦੇ ਵਿੱਚ ਕਿ ਮੈਨੂੰ ਕਿਤਾਬਾਂ ਪੜਨ ਨੂੰ ਮਿਲਣਗੀਆਂ ਤੇ ਉਹ ਮੈਂ ਕਿਤਾਬਾਂ ਪੜਨੀਆਂ ਸ਼ੁਰੂ ਕਰ ਦਿੱਤੀਆਂ। ਕਿਤਾਬਾਂ ਜਿਹੜੀਆਂ ਸੀ ਸਾਰੀਆਂ ਉਰਦੂ ਦੀਆਂ ਸਨ। ਮੈਂ ਸਾਰਾ ਮੰਟੋ ਨੂੰ ਪੜਿਆ, ਕਿਸ਼ਨ ਚੰਦਨ ਨੂੰ ਪੜਿਆ, 'ਆਗ ਕਾ ਦਰਿਆ' ਪੜਿਆ, ਉਹ ਅਬਦੁਲਾ ਹੁਸੈਨ ਸੀ। ਉਹ ਸ਼ੌਕ ਬਹੁਤ ਸੀ ਪੜਨ, ਲੇਕਿਨ ਉਹ ਸਾਰਾ ਉਰਦੂ ਸੀ। ਉਰਦੂ ਪੜਦਾ ਸੀ। ਪੰਜਾਬੀ ਜਿਹੜੀ ਐ, ਉਹ ਕਿਉਂਕਿ ਮੇਰੀ ਮਾਂ ਜਿਹੜੀ ਐ, ਉਹ ਇੱਕੋ ਜ਼ੁਬਾਨ ਬੋਲਦੀ ਐ ਪੰਜਾਬੀ, ਉਹ ਸਕੂਲ ਤੇ ਨਹੀਂ ਗਈ ਉਹ ਤੇ ਪੰਜਾਬੀ ਸਾਡੇ ਘਰ ਚ ਸੀ, ਅਸੀਂ ਬੋਲਦੇ ਸਾਂ ਮਤਲਬ ਕਿ ਮੇਰੀ ਵਾਲਿਦਾ ਵੀ ਦੱਸਦੇ ਨੇ ਕਿ ਤੇਰੇ ਜਿਹੜੇ ਮਾਮੇ ਸਨ, ਮਾਮੇ ਜਾਣੀ ਕਿ ਭਰਾ ਜਿਹੜੇ ਸਨ ਮੇਰੀ ਮਾਂ ਦੇ, ਉਹ ਯੂਸਫ ਯੁਲੈਖਾਂ ਪੜਦੇ ਹੁੰਦੇ ਸਨ। ਯੂਸਫ ਯੁਲੈਖਾਂ ਇੱਕ ਕਿਤਾਬ ਹੈ ਜਿਹੜੀ ਮੌਲਵੀ ਗੁਲਾਮ ਰਸੂਲ ਨੇ ਲਿਖੀ ਐ ਔਰ ਉਹ ਕਪੂਰਥਲਾ ਦੇ ਰਹਿਣ ਵਾਲੇ ਨੇ, ਉਥੋਂ ਦੇ ਈਸਟ ਪੰਜਾਬ ਦੇ ਸ਼ਾਇਦ ਵਾਹਿਦ ਕਲਾਸੀਕਲ ਸ਼ਾਇਰ ਨੇ। ਉਹ ਯੂਸਫ ਯੁਲੈਖਾਂ ਪੜਦੇ ਹੁੰਦੇ ਸਾਂ ਔਰ ਪੜ ਪੜ, ਪੜਦੇ ਸਨ ਔਰ ਰੋਂਦੇ ਸਨ, ਤੇ ਉਹ ਸੀ ਇਕ ਮੇਰੇ ਵਾਲਿਦੈਣ ਤੋਂ ਇਕ ਟਰਡੀਸ਼ਨ ਚ ਆ ਰਹੀ ਸੀ। ਲੇਕਿਨ ਮੈਨੂੰ ਪੰਜਾਬੀ ਆਂਦੇ ਆਂਦੇ ਕੁਛ ਟਾਈਮ ਲੱਗ ਗਿਆ, ਮੈਂ ਜਦੋਂ ਮੈਂ ਕਾਲਜ ਚ ਆਇਆ ਔਰ ਮੈਂ ਫਸਟ ਯੀਅਰ, ਸੈਕਿੰਡ ਯੀਅਰ ਚ ਤਾਂ ਅਸੀਂ ਸੋਸ਼ਲਿਸਟ ਆਈਡੀਆਜ ਚ ਆਏ ਆਂ ਤਾਂ ਬੇਸੀਕਲੀ ਮੈਨੂੰ ਲਿਟਰੇਚਰ ਦਾ ਈ ਪੈਸ਼ਨ ਸੀ ਮੇਰਾ, ਪੌਲਟਿਕਸ ਚ ਉਸ ਤਰਾਂ ਮੇਰਾ ਪੈਸ਼ਨ ਨਹੀਂ ਬਣਿਆ ਅਤੇ ਇਕ ਛੋਟਾ ਜਿਹਾ ਸੰਕਲਪ ਬਣਾਇਆ ਉਥੇ ਲਾਹੌਰ ਸ਼ਹਿਰ ਦੇ ਵਿੱਚ, ਲਿਟਰੇਰੀ ਸਰਕਲ, ਉਹਦਾ ਨਾਂ ਸੀ ਈ- ਨੇਉਫਕ, ਨੇਉਫਕ ਦਾ ਮਤਲਬ ਹੈ ਕਿ ਨਿਊ ਹੌਰੀਜ਼ਾਨ। ਉਸ ਜਮਾਨੇ ਚ ਮੈਂ ਨਾ ਕੁਝ ਪੰਜਾਬੀ ਦੀਆਂ ਨਜਮਾਂ ਲਿਖੀਆਂ, ਇਹ ਹੈਗਾ 1975-1976 ਲੇਕਿਨ ਮੈਂ ਪੰਜਾਬੀ ਦੇ ਉਸ ਤਰਾਂ ਕਲੀਅਰ ਨਹੀਂ ਸਾਂ, ਅੱਛਾ ਉਹ ਜਦ ਮੈਂ ਫਿਰ ਬਾਹਰ ਚਲਾ ਗਿਆ, ਫਿਰ ਮੈਂ ਵਾਪਿਸ ਆਇਆ ਤੇ ਉਹ ਸਾਡੇ ਇੱਕ ਦੋਸਤ ਹੁੰਦੇ ਨੇ, ਉਹ ਹੁਣ ਵੀ ਮੌਜੂਦ ਨੇ, ਉਹਨਾਂ ਦਾ ਨਾਂ ਸੀ ਲੱਖਭਾਸ਼ਾ , ਉਹ ਸਾਡੇ ਸਿਆਸੀ ਸਨ, ਟੀਚਰ ਵੀ ਸਨ ਮੇਰੇ, ਜਿਹੜੇ ਸਾਨੂੰ ਟੀਚਿੰਗ ਵੀ ਕਰਦੇ ਸੀ ਸੋਸ਼ਲਿਸਟ ਆਈਡੀਆਜ ਵਗੈਰਾ ਦੀ, ਸਾਰਾ ਸਾਡਾ ਹੁੰਦੀ ਸੀ ਟਰੇਨਿੰਗ ਵਗੈਰਾ। ਉਹਨਾਂ ਨੇ ਮੇਰੇ ਨਾਲ ਪੰਜਾਬੀ ਦੀ ਨਾਂ ਬੜੀ ਜਿਆਦਾ ਗੱਲ ਕੀਤੀ ਔਰ ਉਹਨਾਂ ਨੇ ਕਿਹਾ, "ਦੇਖ, ਤੂੰ ਉਰਦੂ ਲਿਖਨਾਂ ਐਂ, ਉਰਦੂ ਤੇ ਸਾਰੇ ਲਿਖ ਰਹੇ ਨੇ, ਪੰਜਾਬੀ ਕੌਣ ਲਿਖੇਗਾ?" ਦੂਸਰੀ ਗੱਲ ਉਹਨਾਂ ਨੇ ਐਹ ਕੀਤੀ ਮੇਰੇ ਨਾਲ ਕਿ "ਅਸੀਂ ਤਬਦੀਲੀ ਲੈ ਕੇ ਆਣਾ ਚਾਂਹਨੇ ਆਂ, ਅਸੀਂ ਲੋਕਾਂ ਨੂੰ ਚੇਂਜ ਕਰਨਾ ਚਾਂਹਨੇ ਆਂ, ਅਗਰ ਅਸੀਂ ਲੋਕਾਂ ਦੀ ਜ਼ੁਬਾਨ ਚ ਗੱਲ ਨਹੀਂ ਕਰਾਂਗੇ ਤੇ ਉਹ ਸਾਡੀ ਗੱਲ ਕਿਸ ਤਰਾਂ ਸਮਝਣਗੇ?" ਔਰ ਉਹ ਥੋੜਾ ਜਿਹਾ ਕਿਰਟੀਸਿਜਮ ਵੀ ਉਹਨਾਂ ਨੇ ਕੀਤਾ, ਜਿਹੜੀ ਪ੍ਰੋਗਰੈਸਿਵ ਮੂਵਮੈਂਟ ਸੀ, ਸਬ ਕੌਂਟੀਨੈਂਟ ਦੀ, ਜਿਸ ਵਿੱਚ ਫੈਜ ਸਾਹਿਬ ਵੀ ਸੀ, ਮੰਟੋ ਸਾਹਿਬ ਵੀ ਔਰ ਸੁਚਜਹੀਰ ਵਗੈਰਾ ਔਰ ਕਾਫੀ ਆਜਮੀ, ਪ੍ਰੋਗਰੈਸਿਵ ਮੂਵਮੈਂਟ ਸੀ, ਬੜੀ ਮਸ਼ਹੂਰ ਮੂਵਮੈਂਟ ਸੀ ਸਾਰੇ। ਉਹਨਾਂ ਨੇ ਕਿਹਾ ਕਿ ਦੇਖੋ ਜਿਥੇ ਯੂ ਪੀ, ਚੀ ਪੀ ਦੇ ਵਿੱਚ ਤੇ ਉਹ ਸਹੀ ਸੀ, ਉਹਨਾਂ ਦੀ ਮਦਰ ਟੰਗ ਵੀ ਸਹੀ ਸੀ, ਜਿਥੇ ਪੰਜਾਬ ਚ ਵੀ ਪ੍ਰੋਗਰੈਸਿਵ ਨੇ, ਜਿਹੜੇ ਲਿਫਟਿਸਟ ਲੋਗ ਨੇ, ਇਹਨਾਂ ਨੇ ਲੋਕਾਂ ਦੀ ਜ਼ੁਬਾਨ ਨੂੰ ਕਿਉਂ ਨਹੀਂ ਅਪਣਾਇਆ, ਇਹ ਤਾਂ ਤਬਦੀਲੀ ਲੈ ਕੇ ਆਣਾ ਚਾਂਹਦੇ ਸੀ, ਇਹਨਾਂ ਨੂੰ ਤਾਂ ਲੋਕਾਂ ਦੀ ਜ਼ੁਬਾਨ ਚ ਗੱਲ, ਉਹ ਇਹ 2-3 ਗੱਲਾਂ ਸੀ, ਐਹ ਮੇਰੇ ਜ਼ਿਹਨ ਚ ਐਸੀਆਂ ਬੈਠੀਆਂ ਕਿ ਮੈਂ ਉਹਦੇ ਬਾਅਦ ਫਿਰ ਵਾਪਿਸ ਨਹੀਂ ਦੇਖਿਆ। ਉਹਦੇ ਬਾਅਦ ਅਸੀਂ 88 ਵਿੱਚ, ਉਹਦੇ ਵਿੱਚ ਔਰਗੇਨਾਈਜੇਸ਼ਨ ਵੀ ਬਣਾਈ ਸੀ ਅਸੀਂ, ਪੰਜਾਬੀ ਪਰਚਾਰ ਕਮੇਟੀ ਉਹਦਾ ਨਾਂ

ਸੀ, ਮੈਂ ਉਹਦਾ ਜਿਹੜਾ ਪਰੈਜੀਡੈਂਟ ਸਾਂ, ਔਰ ਅਸੀਂ ਉਹਦੇ ਲਈ ਉਹਦੇ ਜਲਸੇ ਕਰਨੇ ਸਾਂ। ਅਸੀਂ ਜਾ ਕੇ ਮੁਖਤਲ ਸ਼ਹਿਰਾਂ ਚ ਕਿਤਾਬਾਂ ਦੇ ਸਟਾਲ ਲਾਂਦੇ ਸਾਂ। ਔਰ ਅਸੀਂ ਸੈਮੀਨਾਰ ਕਰਾਨੇ ਸਾਂ ਔਰ ਲੋਕਾਂ ਨੂੰ ਉਹਦੇ ਲਈ ਤਿਆਰ ਕਰਦੇ ਸਾਂ।

ਜਿਹੜਾ ਹੈ ਮੈਂ ਕਹਾਣੀ ਵੀ ਲਿਖਨਾ ਵਾਂ। ਮੈਂ ਸ਼ਾਇਰੀ ਵੀ ਕਰਦਾਂ ਆਂ। ਦੋ ਮੇਰੀਆਂ ਕਿਤਾਬਾਂ ਕਹਾਣੀ ਦੀਆਂ ਆਈਆਂ, ਦੋ ਸ਼ਾਇਰੀ ਦੀਆਂ। ਮੈਂ ਅਖਬਾਰਾਂ ਵਿੱਚ ਵੀ ਲਿਖਨਾ ਵਾਂ, ਅੰਗਰੇਜੀ ਵਿੱਚ ਵੀ ਲਿਖਦਾ ਰਿਹਾਂ, ਪੰਜਾਬੀ ਵਿੱਚ ਵੀ ਲਿਖਨਾ ਵਾਂ। ਇੱਕ ਮੇਰਾ ਹੋਰ ਹੈਗਾ ਐ, ਜਿਹੜਾ ਮੇਰਾ ਹੈ, ਮੇਰਾ ਪੱਖ ਜਿਹੜਾ ਹੈ, ਮੇਰਾ ਆਸਪੈਕਟ ਹੈ ਜਿਹੜਾ ਮੇਰਾ ਉਹ ਹੈ ਕਿ ਮੈਂ ਐਕਟੀਵਿਸਟ ਵੀ ਆਂ ਪੰਜਾਬੀ ਮੂਵਮੈਂਟ ਦਾ ਔਰ ਜਦ ਤੋਂ ਜਿਥੋਂ ਮੈਨੂੰ ਸਮਝ ਆਈ ਪੰਜਾਬੀ ਦੀ, ਉਸ ਜਮਾਨੇ ਤੋਂ ਈ ਮੈਂ ਇਸ ਦੇ ਵਿੱਚ ਮੁਫਲਤ ਔਰਗੇਨਾਈਜੇਸ਼ਨ ਚ ਕਰਦਾ ਰਿਹਾਂ। ਇਕੱ ਪੰਜਾਬੀ ਪ੍ਰਚਾਰ ਕਮੇਟੀ ਸੀ, ਉਹ ਅਸੀਂ ਕਾਫੀ ਸਾਲ ਚਲਾਈ, ਉਹਦੇ ਸੈਮੀਨਾਰ ਕੀਤੇ, ਜਲਸੇ ਕੀਤੇ, ਫਿਰ ਸੱਜਣ ਚਲਾਇਆ, ਫਿਰ ਬਾਅਦ ਵਿੱਚ 1997 ਵਿੱਚ ਮੈਂ ਇਕ ਬੁੱਕਸ਼ਾਪ ਵੀ ਖੋਲੀ ਸੀ, ਅਸੀਂ ਉਹਦਾ ਨਾਂ ਰੱਖਿਆ ਸੀ 'ਲਿਖਾਰੀਆਂ ਦੀ ਅਤੇ ਕਿਤਾਬਾਂ ਦੀ ਸਾਂਝ' ਤੇ ਉਸ ਤਰਾਂ ਪਰੌਪਰ ਸ਼ੋਪਸ ਨਹੀਂ ਸਨ ਏਥੇ ਨਾ। ਬਾਅਦ ਚ, ਮੇਰੇ ਬਾਅਦ ਦੋ ਹੋਰ 2-3 ਦੁਕਾਨਾਂ ਹੋਰ ਬਣ ਗਈਆਂ। ਅਹਿ 'ਸੁਚੇਤ' ਆਲੇ ਵੀ ਆ ਗਏ, ਔਰ ਫਿਰ ਇੱਕ 'ਸਾਂਝ' ਪਬਲੀਕੇਸ਼ਨ ਆ ਗਏ, ਮੈਂ ਵੋਲੰਟੀਅਰ ਸਾਂ, ਮੈਂ ਟੀਚਿੰਗ ਵੀ ਕਰ ਰਿਹਾ ਸਾਂ ਤੇ ਮੇਰੇ ਲਈ ਬੜਾ ਹੈਕਟਿਕ ਸੀ ਇਹ ਸਾਰਾ ਕੰਮ ਕਰਨਾ। ਮੈਂ ਸੋਚਿਆ ਕਿ ਹੁਣ ਐਸੇ ਲੋਗ ਆ ਗਏ ਨੇ, ਜਿਹੜੇ ਫੁੱਲ ਟਾਈਮ ਕਰ ਸਕਦੇ ਨੇ ਤੇ ਫਿਰ ਮੈਂ ਉਹ ਬੰਦ ਕਰ ਦਿੱਤੀ। ਬਾਕੀ ਉਹ 80s ਤੋਂ ਜਿਹੜੀਆਂ ਵੀ ਏਥੇ ਐਕਟੀਵਿਟੀਜ ਹੁੰਦੀਆਂ ਰਹੀਆਂ ਨੇ, ਕੋਈ ਜਲੂਸ ਨਿਕਲੇ ਨੇ ਪੰਜਾਬੀ ਦੇ ਹੱਕ ਚ, ਜਿੰਨੇ ਵੀ ਮੁਜਾਹਿਰੇ ਹੋਏ ਨੇ, ਜਿੰਨੇ ਵੀ ਅਖਬਾਰ ਨਿਕਲੇ ਨੇ, ਕੋਈ ਸ਼ੌਪ ਸੀ, ਆਈ ਹੈਵ ਬਿਨ, ਮੈਂ ਪਰਸਨਲੀ ਉਹਨਾਂ ਦਾ ਸਾਰਿਆਂ ਦਾ ਜਿਹੜਾ ਵਾਂ ਗਵਾਹ ਵਾਂ, ਪਾਰਟੀਸੀਪੈਂਟ ਆਂ, ਐਕਟਿਵ ਪਾਰਟੀਸੀਪੈਂਟ ਆਂ।

ਪਾਕਿਸਤਾਨੀ ਪੰਜਾਬੀ ਅਦਬੀ ਬੋਰਡ ਇੱਕ ਅਦਾਰਾ ਹੈ। ਐਸ ਵੇਲੇ ਬਹੁਤ ਇਕ ਆਦਰਯੋਗ ਰਿਸਪੈਕਟੇਬਲ ਅਦਾਰਾ ਹੈ, ਉਹ ਔਰ 1975 ਦੇ ਵਿੱਚ ਇਸ ਅਦਾਰੇ ਦੀ ਬੁਨਿਆਦ ਰੱਖੀ ਗਈ। ਥੋੜਾ ਜਿਹੀਆਂ ਦੋ ਗੱਲਾਂ ਮੈਂ ਹੋਰ ਕਰਨੀਆਂ ਚਾਂਹਗਾ ਪੰਜਾਬੀ ਮੂਵਮੈਂਟ ਦੇ ਬਾਰੇ, ਫਿਰ ਤੁਹਾਨੂੰ ਪੂਰੀ ਗੱਲ ਸਮਝ ਆ ਜਾਏਗੀ, ਜਿਹੜਾ ਜਿਸ ਟਾਈਮ ਪਾਕਿਸਤਾਨ ਦੀ ਪੰਜਾਬ ਦੀ ਡਵੀਜਨ ਹੋਈ ਆ, ਪਾਰਟੀਸ਼ਨ ਹੋਈ ਐ ਤੇ ਜਿਹੜੇ ਐਥੇ ਸਾਰੇ ਰਾਈਟਰ ਸਨ, ਜਿਹੜੇ ਲਾਹੌਰ ਦੇ ਵਿੱਚ ਰਹਿੰਦੇ ਸਨ, ਉਹ ਜਿਆਦਾ ਜਿਹੜੇ ਸਨ ਮਾਈਗਰੇਟ ਕਰ ਗਏ। ਸ਼ਾਇਦ ਤੁਸੀਂ ਜਾਣਦੇ ਹੋਵੋ ਕਿ ਡਾ. ਮੋਹਣ ਸਿੰਘ ਏਥੋਂ ਦੇ ਰਸਾਲਾ ਕੱਢਦੇ ਸਨ ਔਰ ਕਰਤਾਰ ਸਿੰਘ ਦੁੱਗਲ ਏਥੇ ਲਾਹੌਰ ਚ ਰਹਿੰਦੇ ਸਨ, ਬਲਵੰਤ ਗਾਰਗੀ ਏਸੇ ਕਾਲਜ ਦਾ ਪੜਿਆ ਹੈ। ਅਜੀਤ ਕੌਰ ਨਿਸਬਤ ਰੋਡ ਤੇ ਰਹਿੰਦੀ ਸੀ ਔਰ ਇਸ ਤੋਂ ਇਲਾਵਾ ਜਿਹੜੇ ਲਿਫਟਿਸਟ ਸਨ, ਜਿਹੜੇ ਸਾਰੇ ਕਮਿਊਨਿਸਟ ਸਨ, ਜਿਹੜੇ ਲੋਕ ਸਨ, ਹਿੰਦੂ ਔਰ ਸਿੱਖ ਜਿਆਦਾ ਸਨ, ਜਦੋਂ ਉਹ ਮਾਈਗਰੇਟ ਕਰ ਗਏ ਔਰ ਪਾਰਟੀਸ਼ਨ ਚ ਚਲੇ ਗਏ ਏਥੋਂ, ਔਰ ਕਿਉਂਕਿ ਜਿਹੜਾ ਪਾਕਿਸਤਾਨ ਸੀ, ਉਹਦੇ ਨਾਲ ਉਰਦੂ ਜੁੜ ਗਈ ਤੇ ਉਰਦੂ ਦਾ ਬਹੁਤ ਜਿਆਦਾ ਜ਼ੋਰ ਸੀ ਤੇ ਪੰਜਾਬੀ ਦੀ ਗੱਲ ਦਬ ਗਈ ਔਰ ਜਿਹੜਾ ਬਾਈਬਲ ਉਰਦੂ ਏ, ਉਹਨੇ ਏਥੋਂ ਤੱਕ ਕਿਹਾ ਕਿ ਸਾਡੀ ਜ਼ੁਬਾਨ ਸਿਰਫ ਉਰਦੂ ਏ, ਬਾਕੀ ਜਿਹੜੀਆਂ ਜ਼ੁਬਾਨਾਂ ਨੇ,

ਉਹ ਕਾਫਰਾਂ ਦੀਆਂ ਜ਼ੁਬਾਨਾਂ ਨੇ, ਜਾਣੀ ਪੰਜਾਬੀ, ਸਿੰਧੀ, ਬਲੋਚੀ, ਪਸ਼ਤੋ ਏਨਾ ਜਿਆਦਾ ਗਲਬਾ ਸੀ। ਲੇਕਿਨ ਜਿਹੜੇ ਲੋ, ਲੋਕ ਇੱਕ ਸਤਾ ਤੇ ਜੁੜੇ ਹੋਏ ਸਨ। ਸਾਰੇ ਪੰਜਾਬੀ ਨਾਲ ਪੰਜਾਬੀ ਸੀ। ਪੰਜਾਬੀ ਸਾਂ ਅਸੀਂ ਤੇ ਬਾਬਾ ਫਕੀਰ ਮਹੁੰਦ ਫਕੀਰ ਨੇ 1951 ਜਾਂ 52 ਦੇ ਵਿੱਚ ਇੱਕ ਰਸਾਲਾ ਸ਼ੁਰੂ ਕੀਤਾ, ਉਹਦਾ ਨਾਂ ਈ 'ਪੰਜਾਬੀ' ਸੀ, ਤੇ ਉਹ ਕਦੇ ਕਦੇ ਛਪਦਾ ਸੀ। ਉਹਨਾਂ ਨੇ ਐਕਟੀਵਿਟੀ ਇੱਕ ਸ਼ੁਰੂ ਕੀਤੀ। ਉਹਦੇ ਬਾਅਦ ਲੇਟ 50s ਦੇ ਬਾਅਦ ਏਥੇ ਇਕ ਪੰਜਾਬੀ ਮਜਲਸ ਵੀ ਬਣੀ, ਉਹ ਮਜਲਸ ਜਿਵੇਂ ਵੀਕਲੀ ਮੀਟਿੰਗਜ ਵੀ ਹੁੰਦੀਆਂ ਸੀ ਔਰ ਉਹਦੇ ਚ ਲੋਕੀਂ ਆਂਦੇ ਸਨ, ਗੱਲਾਂ ਕਰਦੇ ਸਨ, ਉਹਨਾਂ ਨੇ ਇੱਕ ਕੁਲੈਕਸ਼ਨ ਵੀ ਛਾਪੀ ਸੀ, ਸ਼ਾਇਦ ਇਕ ਪੋਇਟਰੀ ਦਾ 1958 ਵਿੱਚ ਜਦੋਂ ਹਜੂਮ ਦਾ ਮਾਰਸ਼ਲ ਲਾਅ ਲੱਗਾ ਤੇ ਉਸ ਔਰਗੇਨਾਈਜੇਸ਼ਨ ਨੂੰ ਇਹ ਕਹਿ ਕਿ ਇਹ ਕਮਿਊਨਿਸਟ ਨੇ, ਉਸ ਔਰਗੇਨਾਈਜੇਸ਼ਨ ਨੂੰ ਬੈਨ ਕਰ ਦਿਤਾ ਗਿਆ। ਐਸੀ ਗੱਲ ਨਹੀਂ ਸੀ ਕਿ ਪੰਜਾਬੀ ਤੋਂ ਥੋੜਾ ਜਿਹਾ ਥਰੈਟਨ ਜਿਹੇ ਸੀ ਜਿਹੜੇ ਰੂਲਰ ਸਨ, ਜਿਹੜੇ ਹਾਕਮ ਸਨ, ਬਹਿਰਹਾਲ 60s ਦੇ ਵਿੱਚ, 61-62, 63 ਦੇ ਵਿੱਚ ਇੱਥੇ ਇਕ ਅਕੈਡਮੀ ਬਣੀ ਪੰਜਾਬੀ ਦੀ, ਜਿਸਨੂੰ ਇਸਲਾਮਾਬਾਦ ਚ ਬੈਠੇ ਕਿਸੇ ਬੈਰੋਕਰੇਟ ਨੇ ਸਪੌਂਸਰ ਕੀਤਾ ਔਰ ਕੁਛ ਪੈਸੇ ਆਏ ਉਹਨਾਂ ਕੋਲੋਂ ਔਰ ਉਹਨਾਂ ਨੇ ਪੁਰਾਣਾ ਕਲਾਸੀਕਲ ਲਿਟਰੇਚਰ ਜਿਹੜਾ ਉਹ ਸਾਰਾ ਦੁਬਾਰਾ ਛਾਪਣਾ ਸ਼ੁਰੂ ਹੋਇਆ। ਉਹਦੇ ਚ ਜਿਹੜੀ ਸਭ ਤੋਂ ਸ਼ਾਨਦਾਰ ਕਿਤਾਬ ਛਪੀ, ਉਹ ਵਾਰਸ ਸ਼ਾਹ ਸੀ, ਜਿਹੜੀ ਅਬਦੁਲ ਅਜੀਜ ਬਾਰਟ ਲਾਅ ਨੇ ਐਡਿਟ ਕੀਤੀ। ਐਸ ਵੇਲੇ ਜਿੰਨੀਆਂ ਵੀ ਸਾਡੇ ਕੋਲ ਹੀਰ ਤੇ ਬੇਹਤਰੀਨ ਟੈਕਸਟ ਜਿਹੜੀ ਮਿਲਦੀ ਐ, ਲਿਖਤ ਜਿਹੜੀ ਮਿਲਦੀ ਐ ਮਤਨ ਜੀਹਨੂੰ ਅਸੀਂ ਕਹਿੰਦੇ ਆਂ, ਉਹ ਅਬਦੁਲ ਅਜੀਜ ਬਾਰਟ ਲਾਅ ਦਾ ਐ। ਉਹ ਜਰਮਨੀ ਤੋਂ ਪੜ ਕੇ ਆਏ ਸਨ ਔਰ ਉਹਨਾਂ ਦੀ ਵੈਸਟਰਨ ਟਰੇਨਿੰਗ ਵੀ ਸੀ। ਔਰ ਉਹਨਾਂ ਨੇ ਪਤਾ ਨੀ ਕਈ ਸਾਲ ਲਾ ਕੇ ਸਾਰੀਆਂ ਹੀਰਾਂ ਜਮਾਂ ਕੀਤੀਆਂ, ਜਿੰਨੀਆਂ ਵੀ ਅਵੇਲੇਵਲ ਸਨ, ਉਹ ਕੋਈ ਪੰਝੀ ਤੀਹ ਉਹਨਾਂ ਨੂੰ ਕੰਪੈਰੀਜਨ ਕੀਤਾ, ਉਹ ਇਹ ਇਕ ਉਹਦੇ ਚੋਂ ਹੀਰ ਬਣਾਈ। ਕਿਉਂਕਿ ਉਹ ਬਹੁਤ ਉਹਦੇ ਚ ਆ ਗਈ ਸੀ ਗਲਤੀ, ਇਜਾਫੇ ਬਹੁਤ ਹੋ ਗਏ ਸਨ, ਔਰ ਰਲਾ ਬਹੁਤ ਹੋ ਗਏ। ਐਡੀਸ਼ਨਜ ਲੋਕਾਂ ਨੇ ਕਰਤੇ ਸੀ ਆਪਣੇ ਨਾਮਾਂ ਤੋਂ, ਯੇ ਵੋ ਤੇ ਉਹ ਛਪੀ, ਕੁਝ ਹੋਰ ਚੀਜਾਂ ਛਪੀਆਂ। ਬੁੱਲੇ ਸ਼ਾਹ ਦਾ ਕਲਾਮ ਛਪਿਆ। ਇੰਕ ਹਲਕੀ ਹਲਕੀ ਤੁਸੀਂ ਸਮਝਲੋ ਕਿ ਇੱਕ ਜਿਹੜੀ ਐ ਦੁਬਾਰਾ ਪੰਜਾਬੀ ਦੀ, ਮੁੜਕੇ ਜੰਮਣੀ ਸ਼ੁਰੂ ਹੋਈ ਪੰਜਾਬੀ, ਔਰ 64 ਦੇ ਵਿੱਚ ਇੱਥੇ ਇਕ ਰਾਈਟਰ ਗਿਲਡ ਹੁੰਦੀ ਸੀ, ਜਿਹੜੀ ਅਜੂਬਖਾਨ ਨੇ ਬਣਾਈ ਰਾਈਟਰਜ ਵਾਸਤੇ, ਉਹਦੇ ਵਿੱਚ ਸ਼ਕਤੂਬ ਅਜੀਜ ਮਿਰਜਾ ਸਾਹਿਬ ਜਿਹੜੇ ਸੀ, ਉਹ ਪੰਜਾਬੀ ਚੈਪਟਰ ਦੇ ਇੰਚਦਰਜ ਸਨ, ਉਹਨਾਂ ਨੇ ਇਹ ਕੀਤਾ ਕਿ 1963 ਜਾਂ 1964 ਦੀ ਗੱਲ ਹੈ ਕਿ ਫੈਸਲਾ ਕੀਤਾ ਗਿਆ ਕਿ ਸ਼ਾਹ ਹੁਸੈਨ ਦਾ ਦਿਨ ਮਨਾਇਆ ਜਾਏ ਤੇ ਲਾਹੌਰ ਮਊਜੀਅਮ ਚ ਇਕ ਜਲਸਾ ਹੋਇਆ, ਤੇ ਉਥੇ ਉਹਨਾਂ ਇਕ ਕਿਹਾ ਕਿ ਗਾਉਣ ਵਾਲੀ ਹੈ ਤੇ ਉਥੇ ਇੱਕ ਹੀਰਾ ਮੰਡੀ ਦੀ ਇਕ ਸੀ ਪਰੌਸਟੀਚਿਊਟ ਗਾਉਣ ਵਾਲੀ ਉਹ ਆਈ, ਉਹਦਾ ਨਾਂ ਸੀ ਅਨੈਤ ਬਾਈ ਬੈਰੋਵਾਲੀ, ਉਹ ਆਈ, ਉਹਨੇ ਕਾਫੀ ਸ਼ਾਹ ਹੁਸੈਨ ਗਾਈ ਔਰ ਕਮਾਲ ਹੋ ਗਿਆ। ਲੋਕ ਹੈਰਾਨ ਹੋ ਗਏ ਕਿ ਇਹਨੇ ਕਿਥੋਂ ਪੜੀ, ਇਹਦਾ ਮਤਲਬ ਕਿ ਟਰਡੀਸ਼ਨ ਜਿਹੜੀ ਸੀ, ਉਹ ਚੱਲ ਰਹੀ ਸੀ। ਉਹਦੇ ਚ ਉਹ ਜਿਹੜਾ ਜਲਸਾ ਹੋਇਆ 1963 ਚ ਪਹਿਲੀ ਦਫਾ ਡੀਮਾਂਡ ਕੀਤੀ ਗਈ ਕਿ ਸਾਡੀ ਜਿਹੜੀ ਮਾਂ ਬੋਲੀ ਏ ਪੰਜਾਬੀ ਐ, ਪ੍ਰਾਇਮਰੀ ਦੇ ਵਿੱਚ ਬੱਚਿਆਂ ਨੂੰ ਪੰਜਾਬੀ ਪੜਾਈ ਜਾਏ। ਸਕੂਲਾਂ ਵਿੱਚ ਪੰਜਾਬੀ ਲਾਈ ਜਾਵੇ, ਉਹਦਾ ਅਸਲ ਅਮਲ ਇਹ ਹੋਇਆ ਕਿ ਉਹ ਮਿਰਜਾ ਸਾਹਿਬ ਨੂੰ ਉਸ ਔਰਗੇਨਾਈਜੇਸ਼ਨ ਚੋਂ ਕੱਢ

ਦਿੱਤਾ ਗਿਆ। ਉਹ ਔਰਗੇਨਾਈਜੇਸ਼ਨ ਅਜੂਬ ਖਾਨ ਨੇ ਬਣਾਈ ਸੀ, ਔਰ ਉਤੇ ਜਿਹੜਾ ਹੈਡ ਸੀ ਉਹ ਉਵਦੂ ਸਪੀਕਿੰਗ ਸੀ ਕੋਈ, ਉਹਨਾਂ ਨੇ ਕੱਢ ਦਿੱਤਾ ਸ਼ੌਕਤ ਸਾਹਿਬ ਨੂੰ। ਸ਼ੌਕਤ ਸਾਹਿਬ ਨੂੰ ਕੱਢ ਦਿੱਤਾ ਲੇਕਿਨ ਉਹ ਇਕ ਰੌਲਾ ਪੈ ਗਿਆ। ਉਹ ਸਭ ਉਹ ਸਬਦਲਬੀਰ ਸਾਹਿਬ, ਬਹੁਤ ਵੱਡਾ ਨਾਂ ਸੀ ਐਹ ਲਿਫਟ ਦੇ ਵਿੱਚ, ਉਹ ਪਾਕਿਸਤਾਨ ਟਾਈਮ ਦੇ ਵਿੱਚ ਹੁਮਦੇ ਸਨ। ਉਹ ਬੜੇ ਫਾਇਰੀ ਬੰਦੇ ਸਨ, ਉਹਨਾਂ ਨੇ ਆਰਟੀਕਲ ਲਿਖਣੇ ਸ਼ੁਰੂ ਕੀਤੇ, ਉਹ ਇਕ ਰੌਲਾ ਜਿਹਾ ਪੈ ਗਿਆ ਔਰ ਇਕ ਹਲਕੀ ਹਲਕੀ ਜਿਹੀ ਸਮਝੋ ਇਕ ਮੂਵਮੈਂਟ ਸ਼ੁਰੂ ਹੋ ਹਈ। ਉਹ ਉਹਨਾਂ ਨੂੰ ਕੱਢਣ ਦੇ ਨਤੀਜੇ ਵਿੱਚ ਦੋ ਕੰਮ ਹੋਏ ਇਹ, ਪੰਜਾਬੀ ਅਦਬੀ ਸੰਗਤ ਬਣੀ ਜੀਹਨੇ ਬੇਸ਼ੁਮਾਰ ਰਾਈਟਰਜ ਪੈਦਾ ਕੀਤੇ। ਹੁਣ ਉਹ ਪੰਜਾਬੀ ਅਦਬੀ ਸੰਗਤ ਦਾ ਅਤੇ ਵਾਈ ਐਮ ਸੀ ਹੁੰਦਾ ਸੀ ਮਾਲ ਰੋਡ ਤੇ, ਉਹਦੇ ਵਿੱਚ ਵੀਕਲੀ ਮੀਟਿੰਗ ਹੁੰਦੀ ਸੀ, ਉਹਦੀ ਪੰਜਬੀ ਅਦਬੀ ਸੰਗਤ ਦੀ। ਉਹ ਹੁਣ ਵੀ ਮੌਜੂਦ ਐ, ਉਹ ਵੀਕਲੀ ਮੀਟਿੰਗ ਹੁੰਦੀ ਸੀ। ਉਥੇ ਜਾ ਕੇ ਤੁਸੀਂ, 2-3 ਚੀਜਾਂ ਪੜੀਆਂ ਜਾਂਦੀਆਂ ਸੀ, ਉਹਦੇ ਚ ਰਾਈਟਰਜ ਆਣੇ ਸ਼ੁਰੂ ਹੋ ਗਏ, ਔਰ ਜਿਹੜੀ ਰਾਈਟਰਜ ਸ਼ੌਪ, ਕੋਈ ਵੀ ਪੜਿਆ ਲਿਖਿਆ ਬੰਦਾ ਸੀ, ਪੰਜਾਬੀ ਦਾ ਸਮਝਦਾ, ਮਸਲਨ ਆ ਸਾਡੇ ਸੁਖਾਂਨ ਸਾਹਿਬ ਸੀ, ਸਕੌਲਰ ਸੀ ਸਾਡੇ ਬਹੁਤ ਵੱਡੇ, ਉਹ ਉਥੇ ਜਾਂਦੇ ਸੀ। ਨਜਮ ਹੁਸੈਨ ਸਈਦ ਨੇ, ਉਥੇ ਆਪਦੀਆਂ ਨਜਮਾਂ ਪੜੀਆਂ ਨੇ। ਉਸਾਕ ਮੁਹੰਮਦ ਸਾਹਿਬ ਹੁੰਦੇ ਸੀ, ਉਹਨਾਂ ਨੇ ਉਥੇ ਨਜਮਾਂ ਪੜੀਆਂ ਆਪਣੀਆਂ। ਇੱਕ ਸਿਫਲਤ ਉਲਤ ਜੈਗਮ ਸਾਹਿਬ ਹੁੰਦੇ ਸੀ, ਸਾਰੇ ਲੋਕ ਫੌਤ ਹੋ ਗਏ ਨੇ, ਉਹਨਾਂ ਨੇ ਉਥੇ ਆਪਣੀਆਂ ਨਜਮਾਂ ਪੜੀਆਂ। ਦੂਸਰੀ ਜਿਹੜੀ ਇਕ ਐਕਟੀਵਿਟੀ ਪੈਦਾ ਹੋਈ ਉਥੇ ਉਹ ਸੀ ਮਜਲਸੇ ਸ਼ਾਹ ਹੁਸੈਨ। ਸ਼ਾਹ ਹੁਸੈਨ ਇਕ ਪੋਇਟ ਹੈਗਾ, ਜਿਹੜਾ ਲਾਹੌਰ ਦਾ। ਤੁਸੀਂ ਸਮਝਲੋ ਇਕ ਬਹੁਤ ਵੱਡਾ ਨਾਂ ਹੈਗਾ। ਉਹਦੇ ਨਾਂ ਦੇ ਉਤੇ ਮੇਲਾ ਚਿਰਾਗਾਂ ਕੀਤਾ ਜਾਂਦਾ। ਮੇਲਾ ਚਿਰਾਗਾਂ ਇਕ ਬਹੁਤ ਵੱਡਾ ਈਵੈਂਟ ਹੁੰਦਾ ਸੀ ਔਰ ਐਨਾ ਵੱਡਾ ਈਵੈਂਟ ਸੀ ਕਿ ਜਦੋਂ ਪਾਰਟੀਸਨ ਤੋਂ ਪਹਿਲੇ ਪੰਜਾਬ ਜਦੋਂ ਕੱਠਾ ਸੀ, ਕਹਿੰਦੇ ਨੇ ਲਾਹੌਰ ਤੇ ਅੰਮ੍ਰਿਤਸਰ ਮਿਲ ਜਾਂਦੇ ਸੀ। ਕਿਉਂਕਿ ਪੀਪਲ ਜਿਹੜੇ ਨੇ, ਲੋਗ ਜਿਹੜੇ ਨੇ ਅੰਮ੍ਰਿਤਸਰ ਤੋਂ ਆ ਰਹੇ ਨੇ, ਪੈਦਲ ਲਾਹੌਰ ਆ ਰਹੇ ਨੇ ਤੇ ਲਾਹੌਰ ਤੇ ਅੰਮ੍ਰਿਤਸਰ ਮਿਲ ਜਾਂਦੇ ਸੀ। ਸ਼ਾਹ ਹੁਸੈਨ ਉਹ ਹੈ ਜੀਹਦੇ ਮਜਾਰ ਤੇ ਰਣਜੀਤ ਸਿੰਘ ਨੰਗੇ ਪੈਰੀਂ ਜਾਂਦਾ ਸੀ ਔਰ ਰਸਤੇ ਚ ਅਸਰਫੀਆਂ ਸੁੱਟਦਾ ਜਾਂਦਾ ਸੀ, ਉਹਦਾ ਪੂਰਾ ਨਾਂ ਹੈਗਾ ਮਾਧੋ ਲਾਲ ਹੁਸੈਨ, ਉਹ ਬਹੁਤ ਇਕ ਇੰਪੌਰਟੈਂਟ ਸ਼ਾਇਰ, ਤੇ ਸ਼ਾਂਹ ਹੁਸੈਨ ਜਿਹੜਾ ਉਹ ਇਕ ਰਹਿਬਰ, ਇਕ ਨਾਬਰੀ ਦਾ ਇਕ ਅਲਾਮਤ ਬਣਿਆ। ਉਹਦੇ ਨਾਂ ਤੇ ਲੋਕੀਂ ਕੱਟੇ, ਉਹਨੂੰ ਬਣਾਇਆ ਗਿਆ, ਅੱਗੇ ਲਾਇਆ ਗਿਆ ਤੇ ਉਹ ਮਜਲਸੇ ਸ਼ਾਹ ਹੁਸੈਨ ਬਣੀ। ਮਜਲਸੇ ਸ਼ਾਹ ਹੁਸੈਨ ਨੇ ਕਿਤਾਬਾਂ ਛਾਪੀਆਂ, ਦੈਟ ਵਾਜ ਤੁਸੀਂ ਕਹਿਲੋ ਪਹਿਲੀ ਔਰਗੇਨਾਈਜਡ ਕੋਈ ਔਰਗੇਨਾਈਜੇਸ਼ਨ ਸੀ। ਮਜਲਸੇ ਸ਼ਾਹ ਹੁਸੈਨ ਨੇ ਕਿਤਾਬਾਂ ਛਾਪੀਆਂ। ਮਜਲਸੇ ਸ਼ਾਹ ਹੁਸੈਨ ਦੇ ਨਾਂ ਤੇ ਈ ਕਾਲਜ ਬਣਾਇਆ ਗਿਆ, ਜੀਹਦੇ ਚ ਬਹੁਤ ਵੱਡੇ ਨਾਂ ਸੀ, ਪ੍ਰੋਫੈਸਰ ਐਲਕਸਪਰੀਨ ਸੀ, ਜਿਹੜੀ, ਬਹੁਤ ਮਸ਼ਹੂਰ ਲਿਫਟਿਸਟ ਹੋਏ ਨੇ, ਅਮੀਨ ਮੁਗਲ ਸਾਹਿਬ ਸਨ, ਉਹ ਅੱਜਕੱਲ ਲੰਦਨ ਰਹਿੰਦੇ ਨੇ। ਫਿਰ ਉਹਦੇ ਵਿੱਚ ਹੋਰ ਲੋਕ ਬੇਸ਼ੁਮਾਰ ਸਨ, ਪ੍ਰੋਫੈਸਰ ਮਨਜੂਰ ਸਾਹਿਬ ਸਨ। ਕਾਲਜ ਬਣਾਇਆ ਗਿਆ ਤੇ ਉਹਦੇ ਵਿੱਚ ਕਿਹਾ ਗਿਆ ਏਹਦੇ ਚ ਸਿਰਫ ਪੰਜਾਬੀ ਪੜਾਓ, ਉਹਨਾਂ ਨੇ ਡਰਾਮੇ ਕੀਤਾ, ਇਹ ਸਾਰਾ ਕੁਛ ਕੀਤਾ। ਅਹਿ ਜਿਹੜਾ ਪੰਜਾਬੀ ਅਦਬੀ ਸੰਗਤ ਸੀ ਔਰ ਮਜਲਸੇ ਸ਼ਾਹ ਹੁਸੈਨ ਸੀ ਔਰ ਉਹਦੇ ਬਾਅਦ 67-68 ਆ ਗਿਆ, ਇਹ ਉਹ ਪੀਰੀਅਡ ਐ, ਜਦ ਪੂਰੀ ਦੁਨੀਆਂ ਦੇ ਵਿੱਚ ਨਾ, ਪੂਰੀ ਦੁਨੀਆ ਚ ਇਨਕਲਾਬ ਆਇਆ ਹੋਇਆ ਸੀ।

ਚਾਇਨਾ ਦੇ ਵਿੱਚ ਮੋਇਜੇ ਤੌਂਗ ਜਿਹੜਾ ਦਹਾੜ ਰਿਹਾ ਸੀ, ਲੈਟਿਨ ਅਮੈਰਿਕਾ ਚ ਲੜ ਰਿਹਾ ਸੀ। ਐਮਰਿਕਾ ਚ ਵਾਟਰ ਲੂਥਰ ਕਿੰਗ ਜਿਹੜਾ ਉਹ ਕਹਿ ਰਿਹਾ ਸੀ ਕਿ I have a dream ਅਫਰੀਕਾ ਚ ਉਹ ਜਿਹੜਾ ਐਮੀ ਸਰਾਜ ਔਹ ਦੂਸਰੇ ਲੋਗ ਉਹ ਕਹਿ ਰਹੇ ਸੀ ਕਿ Black is also beautiful, ਅਹਿ ਉਹ ਜਮਾਨਾ ਐ। ਐਸ ਜਮਾਨੇ ਦੇ ਨਾਲ ਈ ਪੰਜਾਬੀ ਮੂਵਮੈਂਟ ਵੀ ਆਈ। ਪੰਜਾਬੀ, ਬਹੁਤ ਜਿਆਦਾ ਲੋਕ ਆਏ ਪੰਜਾਬੀ ਚ, ਅੱਛੇ ਪੜੇ ਲਿਖੇ ਲੋਕ ਗੌਰਮਿੰਟ ਕਾਲਜ ਦੇ, ਅੱਛੀਆਂ ਮਿਡਲ ਕਲਾਸ ਦੇ, ਅੱਪਰ ਮਿਡਲ ਕਲਾਸ ਦੇ ਉਹ ਪੰਜਾਬੀ ਵੱਲ ਆਏ, ਅਜਬ ਹੁਸੈਨ ਸਈਦ ਦਾ ਨਾਂ ਬਹੁਤ ਹੈ, ਉਹ ਲੋਕ ਵੀ ਸਨ, ਇਹਨਾਂ ਨੇ ਫਿਰ ਲਿਖਣਾ ਸ਼ੁਰੂ ਕੀਤਾ, ਔਰ ਆਂਦੇ ਆਂਦੇ ਜਿਹੜਾ ਹੈ ਉਹ ਅਸੀਂ ਸੈਵਨਟੀਜ ਚ ਆ ਜਾਂਦੇ ਆਂ, ਸੈਵਨਟੀਨਜ ਚ ਲੋਕਾਂ ਦਾ ਖਿਆਲ ਸੀ ਐਹ ਮੂਵਮੈਂਟ ਐਨੀ ਸਟਰੌਂਗ ਹੋ ਗਈ ਸੀ ਪੰਜਾਬੀ ਦੀ, ਖਿਆਲ ਸੀ ਕਿ ਹੁਣ ਪੰਜਾਬੀ ਨਾਫਜ ਹੋ ਜਾਏਗੀ, ਲੇਕਿਨ ਜਦੋਂ ਵਜੀਵੋ ਰਹਿਮਾਨ ਜਿੱਤ ਗਿਆ ਮਸ਼ਰਕੀ ਪਾਕਿਸਤਾਨ ਚ ਔਰ ਪਾਕਿਸਤਾਨ ਦੇ ਪੁਲਿਟੀਕਲ ਮਸਾਇਲ ਐਸੇ ਹੋ ਗਏ ਕਿ ਪਾਕਿਸਤਾਨ ਜਦੋਂ ਟੁੱਟ ਗਿਆ ਉਦੋਂ, ਈਸਟ ਪਾਕਿਸਤਾਨ ਅਲਹਿਦਾ ਹੋ ਗਿਆ ਤੇ ਵੈਸਟ, ਭੁੱਟੋ ਆਇਆ ਤੇ ਉਹ ਫਿਰ ਚੀਜ ਉਸ ਤਰਾਂ ਨਾ ਬਣ ਸਕੀ, ਕਿਉਂਕਿ ਸ਼ਕੁੱਤ ਮਿਰਜਾ ਸਹਿਬਾਨ ਕਹਿੰਦੇ ਨੇ, ਉਹ ਵੀ ਫੌਤ ਹੋ ਗਏ, ਉਹਨਾਂ ਨੂੰ ਸਾਲ ਹੋ ਗਿਆ, ਉਹ ਕਹਿੰਦੇ ਹੁੰਦੇ ਸੀ ਕਿ ਮੈਂ, ਅਸੀਂ ਸੋਚ ਰਹੇ ਹੁੰਦੇ ਸਾਂ ਕਿ ਵਜੀਬੂ ਰਹਿਮਾਨ ਆਏਗਾ ਤੇ ਅਸੀਂ ਪੰਜਾਬੀ, ਕਿਉਂਕਿ ਉਹ ਬੰਗਾਲੀ ਸੀ, ਉਹਨਾਂ ਕਿਹਾ ਕਿ ਵਜੀਬੂ ਰਹਿਮਾਨ ਆਏਗਾ ਤੇ ਬੰਗਾਲੀਆਂ ਦਾ ਲਗਾਓ ਤਾਂ ਮਸ਼ਹੂਰ ਹੈ ਆਪਣੀ ਲੈਂਗੂਏਜ ਨਾਲ, ਉਹਨਾਂ ਕਿਹਾ ਕਿ ਉਹ ਆਏਗਾ ਤਾਂ ਪੰਜਾਬੀ ਵੀ ਆ ਜਾਏਗੀ। ਲੇਕਿਨ ਉਹ ਨਹੀਂ ਆਈ। ਭੁੱਟੋ ਨਾਫਿਜ ਕਰਨੀ ਚਾਂਹਦਾ ਸੀ ਪੰਜਾਬੀ, ਲੇਕਿਨ ਐਥੋਂ ਦੇ ਕਿਹੜੇ ਪੰਜਾਬ, ਪੰਜਾਬੀ ਅਸ਼ਰਾਫੀਆ ਜਿਹੜੀ ਐ, ਅੱਪਰ ਕਲਾਸ ਜਿਹੜੀ ਆ, ਪੰਜਾਬੀ ਅਲੀਟ ਜਾਂ ਪੰਜਾਬੀ ਪੌਲੀਟੀਸ਼ਨ ਉਹਨੇ ਐਗਰੀ ਨੀ ਕੀਤਾ। ਲਾਸਟ ਅਸੀਂ ਉਹ ਚਾਂਸ ਗੁਆ ਦਿੱਤਾ, ਦੈਟ ਵਾਜ ਦਾ ਗੋਲਡਨ ਚਾਂਸ, ਕਿਉਂ ਇਕ ਅਬਸਰਡ ਸੀ ਸਾਰੇ ਮੁਲਕ ਚ ਚੀਜਾਂ ਤਬਦੀਲ ਹੋ ਰਹੀਆਂ ਸਨ, ਭੁੱਟੋ ਵੀ ਤਬਦੀਲ ਕਰਨਾ ਚਾਂਹਦਾ ਸੀ, ਲੇਕਿਨ ਉਹ ਨਾ ਹੋ ਸਕਿਆ। ਉਹਦੇ ਬਾਅਦ ਉਸ ਤਰਾਂ ਫਿਰ ਹੈ ਪੰਜਾਬੀ ਮੂਵਮੈਂਟ ਸੀ, ਉਹ ਚੱਲਦੀ ਤੇ ਰਹੀ, ਅਸੀਂ ਲਿਖਦੇ ਵੀ ਰਹੇ, ਪੜਦੇ ਵੀ ਰਹੇ, ਸਿਰਫ ਐਹ ਹੋਇਆ ਕਿ ਪੰਜਾਬ ਯੂਨੀਵਰਸਿਟੀ ਦੇ ਵਿੱਚ ਪੰਜਾਬੀ ਡਿਪਾਰਟਮੈਂਟ ਬਣਾ ਦਿੱਤਾ ਗਿਆ, ਜੀਹਦੇ ਹੈਡ ਜਿਹੜੇ ਨੇ ਉਹ ਨਜਬ ਹੁਸੈਨ ਸਈਦ ਸਨ। ਦੂਸਰਾ ਹੈਗਾ ਕਿ ਛੇਵੀਂ ਤੋਂ ਲੈ ਕੇ ਚੌਦਵੀਂ ਤੱਕ, ਬੀ.ਏ. ਤੱਕ ਪੰਜਾਬੀ ਐਜ ਔਪਸ਼ਨਲ ਸਬਜੈਕਟ ਲਾ ਦਿੱਤੀ ਗਈ।

ਮੈਂ ਗੁਰਮੁਖੀ ਸਿੱਖੀ ਜਦੋਂ ਇਹ 85-86, ਉਦੋਂ ਗੁਰਮੁਖੀ ਦੀਆਂ ਕਿਤਾਬਾਂ ਨਹੀਂ ਮਿਲਦੀਆਂ ਸਨ, ਮੈਂ ਜਦੋਂ ਸਿੱਖੀ, ਨਹੀਂ ਮਿਲਦੀਆਂ ਹਨ, ਫਿਰ ਆਸਤਾ ਆਸਤਾ ਆਣੀਆਂ ਸ਼ੁਰੂ ਹੋ ਗਈਆਂ, ਫਿਰ ਮੈਂ ਪੜੀਆਂ ਵੀ ਚੀਜਾਂ। ਅਹਿ ਕਹਾਣੀਕਾਰ ਦੇ ਤੌਰ ਤੇ ਮੈਨੂੰ ਬਹੁਤ ਜਿਆਦਾ ਦਿਲਚਸਪੀ ਸੀ ਕਿ ਮੈਂ ਓਧਰ ਦੇ ਕਹਾਣੀਕਾਰਾਂ ਨੂੰ ਕਮ-ਸ-ਕਮ ਜਰੂਰ ਪੜਾਂ। ਤੇ ਮੈਂ ਇਤਫਾਕ ਹੋਇਆ, ਮੈਨੂੰ ਕੁਲਵੰਤ ਸਿੰਘ ਵਿਰਕ ਦੀਆਂ ਕੁੱਲ ਕਹਾਣੀਆਂ, ਜਿਹੜੀਆਂ ਭਾਪਾ ਪ੍ਰੀਤਮ ਸਿੰਘ ਨੇ ਨਵਯੁੱਗ ਤੋਂ ਛਾਪੀਆਂ ਸੀ, ਉਹ ਮੈਨੂੰ ਕਿਤਾਬ ਮਿਲ ਗਈ, ਫੋਟੋਕਾਪੀ ਮਿਲ ਗਈ, ਉਹ ਮੈਂ ਸਾਰੀ ਪੜੀ। ਉਹਦੇ ਬਾਅਦ ਮੈਂ ਜਿਹੜੇ ਉਥੋਂ ਦੇ ਕਹਾਣੀਕਾਰ ਨੇ, ਗੁਰਦਿਆਲ ਸਿੰਘ ਨੇ ਉਹਨਾਂ ਨੂੰ ਪੜਿਆ ਮੈਂ, ਅਜੀਤ ਕੌਰ ਨੂੰ ਮੈਂ ਪੜਿਆ ਐ, ਅਹਿ ਬਲਵੰਤ ਗਾਰਗੀ ਨੂੰ ਪੜਿਆ ਐ, ਵਰਿਆਮ ਸਿੰਘ ਸੰਧੂ ਨੂੰ ਪੜਿਆ, ਮੈਂ ਹੋਰ ਵੀ ਜਿੰਦਲ ਨੂੰ ਪੜਿਆ ਮੈਂ,

ਪ੍ਰੇਮ ਪ੍ਰਕਾਸ਼ ਨੂੰ ਪੜਿਆ ਮੈਂ, ਜਿੰਨਾ ਜਿੰਨਾ ਵੀ ਮੇਰੀ ਐਕਸੈਸ ਹੋ ਸਕਦੀ ਸੀ, ਮੈਂ ਪੜਿਆ ਉਹਨਾਂ ਨੂੰ 2006 ਚ ਮੈਂ ਉਥੇ ਗਿਆ ਵੀ ਸੀ ਤਾਂ ਪੰਜਾਬ, ਉਥੋਂ ਵੀ ਮੈਂ ਕਿਤਾਬਾਂ ਲੈ ਕੇ ਆਇਆ, ਪੜਨਾ, ਕੋਸ਼ਿਸ਼ ਕਰਨਾ ਕਿ ਮੈਂ ਜੋ ਕੁਛ ਉਥੋਂ ਲਿਖਿਆ ਜਾ ਰਿਹਾ, ਉਹ ਇਨ ਟੱਚ ਰਹਾਂ। ਲੇਕਿਨ ਜਿਹੜਾ ਹੈ ਪਰੌਬਲਿਮ ਉਹੀ ਐ ਕਿ ਮੈਂ ਸਮਝਨਾ ਜਿਹੜੀ ਕਹਾਣੀ ਐ, ਜਿਹੜੀ ਈਸਟ ਪੰਜਾਬ ਚ ਲਿਖੀ ਜਾ ਰਹੀ ਐ, ਔਰ ਜਿਹੜਾ ਨਾਵਲ ਲਿਖਿਆ ਜਾ ਰਿਹਾ ਉਥੇ, ਮੇਰਾ ਖਿਆਲ ਐ, ਉਹ ਉਹਨੂੰ ਅਸੀਂ ਇੰਟਰਨੈਸ਼ਨਲ ਦੇ ਹਵਾਲੇ ਨਾਲ ਕਿਤੇ ਵੀ ਉਸ ਨੂੰ ਪੇਸ਼ ਕਰ ਸਕਦੇ ਹੋ, ਮੇਰੇ ਲਈ ਉਹ ਦੁਨੀਆਂ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਐ, ਉਹ ਜਿਹੜੀ ਸੰਗਤ ਐ ਨਜਮ ਸਾਹਿਬ ਦੀ, ਬੇਸ਼ੱਕ ਮੈਂ ਉਸ ਤਰਾਂ ਪੰਜਾਬੀ ਕਦੇ ਵੀ ਨਹੀਂ ਪੜੀ, ਸਕੂਲ ਤੋਂ ਨਹੀਂ ਪੜੀ, ਯੂਨੀਵਰਸਿਟੀ, ਲੇਕਿਨ ਮੈਂ ਉਹਨਾਂ ਦੀ ਸੰਗਤ ਚ ਬੈਠ ਕੇ ਔਰ ਉਹਨਾਂ ਲੋਕਾਂ ਜਿਹੜੇ ਮੇਰੇ ਬਜੁਰਗ ਨੇ, ਮੇਰੇ ਵਡਕੇ ਨੇ, ਮੈਂ ਜਿਸ ਤਰਾਂ ਉਹਨਾਂ ਕੋਲ ਬੈਠ ਕੇ ਪੜਿਆਂ। ਅੱਜ ਮੈਂ ਕੁਛ ਵੀ ਆਂ, ਉਹ ਉਹਨਾਂ ਦੀ ਵਜਾਹ ਨਾਲ ਆਂ, ਸਾਰਾ ਉਹਨਾਂ ਦੀ ਦੇਣ ਐ। ਨਜਾਮ ਸਾਹਿਬ ਨੇ ਕੋਸ਼ਿਸ਼ ਕੀਤੀ ਐ ਕਿ ਜਿਹੜਾ ਨਵਾਂ ਕਿਰਟੀਸਿਜਮ ਐ, ਉਹਦੀ ਇੱਕ ਬੋਲੀ ਬਨਾਣ ਦੀ ਉਹਨਾਂ ਇੱਕ ਕੋਸ਼ਿਸ਼ ਕੀਤੀ ਐ। ਤੁਸੀਂ ਉਹਨਾਂ ਦੀਆਂ ਕਿਤਾਬਾਂ ਪੜੋ, ਜਿੰਨੀਆਂ ਵੀ ਵੈਸਤ ਦੇ ਵਿੱਚ ਮੂਵਮੈਂਟ ਹੁੰਦੀਆਂ ਨੇ ਨਵੀਆਂ, ਜਿਸ ਤਰਾਂ ਸਟਰੱਕਲਿਜਮ ਐ, ਪੋਸਟ ਸਟਰਕਲਿਜਮ ਐ, ਰੀਕਨਸਟਰਕਸ਼ ਐ, ਜਿੰਨੀਆਂ ਵੀ ਹੋਰ ਦੂਸਰੇ ਸਾਰੇ ਲੋਗ ਆ, ਉਹ ਸਾਰਾ ਪੜਦੇ ਨੇ ਉਹ ਲੇਕਿਨ ਉਹਨਾਂ ਨੇ ਆਪਣੇ ਤਰੀਕੇ ਦੇ ਨਾਲ, ਆਪਣੇ ਤਰੀਕੇ ਨਾਲ ਪੰਜਾਬੀ ਦੇ ਵਿੱਚ ਰਹਿੰਦੇ ਹੋਏ ਔਰ ਬਹੁਤ ਜਿਆਦਾ ਫਾਰਸੀ ਔਰ ਅਰਬੀ ਦੇ ਇਲਫਾਜ ਵੀ ਨਾ ਇਸਤੇਮਾਲ ਕਰਦੇ ਹੋਏ ਉਹ ਸੰਸੀਕਿਰਤ ਦੇ ਅਲਫਾਜ ਨਾ ਇਸਤੇਮਾਲ ਕਰਦੇ ਉਹਨਾਂ ਇੱਕ ਪੰਜਾਬੀ ਜਿਹੜਾ ਹੈ ਫਿਕਸ਼ਨ ਔਰ ਪੰਜਾਬੀ ਇਕ ਜਿਹੜੀ ਹੈ ਟਰਮਨੌਲੋਜੀ ਉਹ ਕਰੀਏਟ ਕਰਨ ਦੀ ਕੋਸ਼ਿਸ਼ ਕੀਤੀ ਐ। ਔਰ ਜਿਹੜਾ ਹੈ ਅਸੀਂ ਪੰਜਾਬ ਦੇ ਅੰਦਰ ਦੇ ਆਪਣੇ ਮੈਨੂੰ ਉਹਨਾਂ ਦਾ ਜਿਆਦਾ ਨਹੀਂ ਪਤਾ, ਲੇਕਿਨ ਅਸੀਂ ਇਥੇ ਕੋਸ਼ਿਸ਼ ਕੀਤੀ ਐ ਸ਼ੁਰੂ ਤੋਂ ਈ ਕਿ ਬਈ ਟਰਮੀਨੌਲੋਜੀ ਬਣਾਈਏ ਔਰ ਨਵੇਂ ਲਫਜ ਬਣਾਈਏ ਔਰ ਪੰਜਾਬੀ ਚ ਜਿਹੜੀ ਰੂਟਡ ਐ ਔਰ ਉਹਦੀ ਮੈਂ ਇਕ ਬੇਹਤਰੀਨ ਮਿਸਾਲ ਮੈਂ ਦੇਂਦਾ ਵਾਂ ਕਲਚਰ, ਕਲਚਰ ਇੱਕ ਸ਼ਬਦ ਹੈ ਜੀਹਨੂੰ ਉਥੇ ਉਹ ਕਹਿੰਦੇ ਨੇ 'ਸਭਿਆਚਾਰ', ਐਥੇ ਅਸੀਂ ਲਫਜ ਇੱਕ ਬਣਾਇਆ, ਨਜਮ ਸਾਹਿਬ ਦੇ ਦੋਸਤਾਂ ਵਗੈਰਾ ਨੇ ਮਿਲ ਕੇ, ਅਸਬ ਖਾਂ ਸਾਹਿਬ ਵੀ ਸ਼ਾਮਿਲ ਸਨ, ਉਹ ਵੀ ਸਕੌਲਰ ਸਨ, ਔਰ ਲਿੰਗੁਇਸਟਕ ਸਨ, ਅਸੀਂ ਇਕ ਲਫਜ ਬਣਾਇਆ 'ਰਹਿਤਕ' ਰਹਿਤ ਬਹਿਤ ਤੋਂ, ਉਹ ਲਫਜ ਫਿਰ ਇਥੇ ਚੱਲ ਵੀ ਗਿਆ, ਮੈਂ ਈਸਟ ਪੰਜਾਬ ਚੋਂ ਵੀ ਕੁਝ ਕਿਤਾਬਾਂ ਚ ਉਹ ਲਫਜ ਪੜਿਆ ਐ, ਲੇਕਿਨ ਉਹ ਲਫਜ ਕੁਆਇਨ ਕੀਤਾ ਗਿਆ ਸੀ ਕਲਚਰ ਵਾਸਤੇ। ਅਸੀ ਇਸ ਤਰਾਂ ਜਿਹੜਾ ਹੈ ਕੁਝ ਲਫਜਾਂ ਨੂੰ ਬਣਾ ਸਕਦੇ ਹਾਂ, ਜਿਸ ਤਰਾਂ ਇਕ ਲਫਜ ਹੈ, 'ਅਦਬ' ਦਾ ਲਫਜ ਹੈ, ਅਦਬ ਹੈ ਅਸੀਂ ਉਸਦਾ 'ਸੁਲੇਖ' ਕੀਤਾ ਐ, ਸੁਲੇਖ ਅਸੀਂ ਕੀਤਾ ਹੈ ਕਿ ਇਸ ਤਰਾਂ ਹੈ, ਲਫਜ 'ਸ਼ਾਇਰ' ਐ, ਐਹ ਵੀ ਜਿਹੜਾ ਲਫਜ ਹੈ ਸਾਡਾ ਲਫਜ ਨਹੀਂ ਹੈ, ਤੁਸੀਂ ਈਸਟ ਪੰਜਾਬ ਚ ਉਹ 'ਕਵੀ' ਦਾ ਲਫਜ ਕਹਿੰਦੇ ਨੇ ਜਾਂ 'ਕਵਿਤਾ' ਕਹਿੰਦੇ ਨੇ, ਅਸੀਂ 'ਨਜਮ' ਕਹਿੰਦੇ ਆਂ, 'ਸ਼ਾਇਰ' ਕਹਿੰਨੇ ਆਂ, ਉਹਦਾ ਇਕ ਹੋਰ ਲਫਜ ਹੈ, 'ਜੋੜਲਫਤ', 'ਜੋੜਨਹਾਰ', ਉਹਦੇ ਵਾਰਸ਼ ਸ਼ਾਹ ਨੇ ਕੀਤਾ ਹੈ, 'ਤੋੜ ਕੇ ਖੂਬ ਦਰੁਸਤ ਕੀਤਾ, ਫਿਕਰਾ ਤੋੜ ਕੇ ਖੂਬ ਦਰੁਸਤ ਕੀਤਾ, ਕੋਈ ਫੂਲ ਗੁਲਾਬ ਦਾ ਤੋੜਿਆ ਈ', ਕੋਈ ਇਸ ਤਰਾਂ ਦੀ ਲਾਈਨ ਐ ਉਹ, ਉਹ ਜੋੜ ਦਾ ਲਫਜ ਉਹਨਾਂ ਇਸਤੇਮਾਲ ਕੀਤਾ। ਇਸ ਤਰਾਂ ਮੈਂ ਕਹਿੰਨਾ ਕੋਸ਼ਿਸ਼ ਇੱਕ

ਅਸੀਂ ਕਰ ਸਕਨੇ ਆਂ, ਕਰ ਸਕਨੇ ਆਂ ਅਸੀਂ ਆਪਣੀ ਟਰਮਨੌਲਿਜੀ ਨੂੰ ਬਣਾ ਸਕਨੇ ਆਂ, ਉਹਨੂੰ ਅਸੀਂ ਕਰ ਸਕਨੇ ਆਂ। ਉਹਦੇ ਚ ਜਿਹੜੀ ਵਾਹਦ ਸਾਡੇ ਕੋਲ ਮਿਸਾਲ ਐ ਉਹ ਤਾਂ ਨਜਮ ਹੁਸੈਨ ਸਈਦ ਦੀ ਐ, ਉਹਨਾਂ ਨੇ ਜਿਹੜਾ ਲਿਖਿਆ ਕਿਰਟੀਸਿਜਮ, ਉਹ ਪੰਜਾਬੀ ਟਰਮਨੌਲੋਜੀ ਐ। ਜਿਹੜੀ ਉਹ ਕਰ ਰਹੇ ਨੇ, ਉਹ ਮਿਹਨਤ ਨਹੀਂ ਕਰ ਰਹੇ। ਉਹ ਮੈਂ ਸਮਝਨਾ ਉਹ ਬਣੀ ਬਣਾਈ ਲੈ ਰਹੇ ਨੇ, ਉਹਨੂੰ ਬਾਰੋ ਕਰ ਰਹੇ ਨੇ ਤੇ ਉਹਦੇ ਨਾਲ ਪੰਜਾਬੀ ਦਾ ਕੋਈ ਭਲਾ ਨਹੀਂ ਹੋ ਰਿਹਾ। ਲਾਹੌਰ ਤੋਂ ਤੁਸੀਂ ਪੰਜ ਮੀਲ ਦਸ ਮੀਲ ਪਰੇ ਚਲੇ ਜਾਓ ਬਾਹਰ ਤੇ ਪੰਜਾਬੀ ਬੋਲੀ ਜਾ ਰਹੀ ਹੈ, ਪਿੰਡਾਂ ਚ ਪੰਜਾਬੀ ਬੋਲੀ ਜਾ ਰਹੀ ਐ, ਭਾਵੇਂ ਅਮਗਰੇਜੀ ਦੇ ਲਫਜ ਈ ਆ ਰਹੇ ਨੇ, ਭਾਵੇਂ ਉਹ, ਸਾਰਾ ਅਸਰ ਆ ਰਿਹਾ, ਬੋਲਨੇ ਅਸੀਂ ਅਜੇ ਵੀ, ਜਿਹੜਾ ਸਾਡਾ ਸਾਰ ਹੈ ਅਜੇ ਵੀ 70%, 80% ਲੋਗ ਪੰਜਾਬ ਦੇ ਪੰਜਾਬੀ ਹੀ ਬੋਲਦੇ ਨੇ। ਬਕਾਇਦਾ ਜਦੋਂ ਬੱਚਾ ਸਕੂਲ ਚ ਜਾਂਦਾ ਐ, ਤੁਸੀਨ ਉਹਨੂੰ ਕਹਿੰਦੇ ਓ ਕਿ ਉਹ ਲਫਜ ਜਿਹੜੇ ਤੂੰ ਸਿੱਖ ਕੇ ਨੇ ਚਾਰ ਪੰਜ ਹਜਾਰ ਸ਼ਬਦ ਸਿੱਖੇ ਨੇ, ਉਹ ਬੋਲ ਜਿਸਦੇ ਨਾਲ ਉਹਦੇ ਅਮਦਰ ਇਕ ਇਨਫਿਰੋਰਟੀ ਕੰਪਲੈਕਸ ਪੇਦਾ ਹੁੰਦਾ ਹੈ ਕਿ ਅੱਛਾ ਮੇਰੇ ਮਾਂ ਬਾਪ ਜਿਹੜੇ ਜੁਬਾਨ ਬੋਲਦੇ ਨੇ, ਉਹ ਤੇ ਸਕੂਲ ਦੀ ਜੁਬਾਨ ਨਹੀਂ ਐ, ਉਹ ਇੱਕ ਘਟੀਆ ਜੁਬਾਨ ਐ, ਅੱਛਾ ਜੋ ਕੁਝ ਮੈਂ ਸਿੱਖਿਆ ਐ, ਉਹ ਘਟੀਆ ਐ, ਔਰ ਪੜਾਈ ਦਾ ਏਥੇ ਮਤਲਬ ਐਹ ਹੈਗਾ ਕਿ ਤੁਸੀਂ ਆਪਣੇ ਕਲਚਰ ਤੋਂ ਐਲੀਨੀਏਟ ਹੋ ਗਏ। ਉਹਦਾ ਬੇਹਤਰੀਨ ਤਰੀਕਾ ਇਹ ਹੈਗਾ ਐ ਕਿ ਅਸੀਂ ਮਾਂ ਬੋਲੀ ਦੇ ਵਿੱਚ ਤਾਲੀਮ ਦਈਏ, ਉਹਦੇ ਨਾਲ ਇਕ ਤਾਂ ਇਹ ਹੈਗਾ ਸਾਡੀ ਜੁਬਾਨ ਵੀ ਬਚ ਜਾਏਗੀ ਔਰ ਡਰਾਪ ਆਊਟ, ਕਿਉਂਕਿ ਇੱਕ ਜੁਬਾਨ ਉਹ ਬੋਲ ਰਹੇ ਨੇ, ਆਲਰੈਡੀ ਇੱਕ ਜੁਬਾਨ ਉਹ ਬੋਲ ਰਹੇ ਨੇ, ਉਹਨਾਂ ਨੂੰ ਪੜਨਾ ਬਹੁਤ ਆਸਾਨ ਹੈ ਉਹਦੇ ਨਾਲ, ਮਨਿਸਬਤ ਇੱਕ ਨਵੀਂ ਜੁਬਾਨ ਨੂੰ ਉਸ ਵਿੱਚ ਕਰਨ, ਫਿਰ ਨਾ ਸਿਰਫ ਅਸੀਂ ਉਸਨੂੰ ਇੱਕ ਨਵੀਂ ਜੁਬਾਨ ਪੜਾਨੇ ਆਂ, ਅਸੀਂ ਕਹਿੰਨੇ ਕਿ ਤੂੰ ਸਾਰੇ ਮਜਬੂਨ ਵੀ ਉਸ ਨਵੀਂ ਜੁਬਾਨ ਚ ਪੜ, ਉਹਦਾ ਮੀਡੀਅਮ ਆਫ ਇਨਸਟਰਕਸ਼ਨ ਜਿਹੜਾ ਹੈਗਾ ਉਹ ਉਰਦੂ ਬਣ ਜਾਂਦਾ ਹੈਗਾ ਜਾਂ ਇੰਗਲਿਸ਼ ਬਣ ਜਾਂਦਾ ਹੈ, ਉਹ ਮੈਂ ਸਮਝਦਾਂ ਹੈਗਾ ਕਿ ਐਹ ਇਕ ਬਹੁਤ ਜਿਹੜੀ ਹੈ ਜਿਆਦਤੀ ਐ, ਇੱਕ ਜੁਲਮ ਐ, ਉਹਦਾ ਵਜੂਦੀ ਅਗੈਸਟੀਂਸ਼ਅਲ ਰਾਈਟ ਐ ਉਹਦਾ ਕਿ ਉਹ ਆਪਣੀ ਮਾਂ ਬੋਲੀ ਚ ਤਾਲੀਮ ਹਾਸਲ ਕਰੇ, ਐਹ ਹੱਕ ਸਾਨੂੰ ਦੇਣਾ ਚਾਹੀਦਾ ਔਰ ਇਨਕਲਾਬ ਆ ਜਾਏਗਾ, ਤਾਲੀਮ ਵੀ ਜਿਆਦਾ ਹੋ ਜਾਏਗੀ। ਤੇ ਨਾਜੂਮੀਦੀਨ ਆਹੁਲੀਆ ਕੋਲ ਇੱਕ ਬੰਦਾ ਆਇਆ ਤੇ ਉਹ ਕਹਿਣ ਲੱਗਾ ਕਿ “ਮੈਂ ਮੁਸਲਮਾਨ ਹੋਣਾ ਚਾਂਹਨਾ”, ਉਹਨਾਂ ਨੇ ਕਿਹਾ ਕਿ “ਮੈਂ ਤੇ ਮੁਸਲਮਾਨ ਕਰਨ ਨਹੀਂ ਆਇਆ, ਮੈਂ ਤੇ ਮਹੁੱਬਤ ਦਾ ਪੈਗਾਮ ਦੇਣ ਆਇਆਂ। ਜੇ ਮੈਂ ਤੈਨੂੰ ਮੁਸਲਮਾਨ ਕਰਾਂਗਾ ਤਾਂ ਮੇਰਾ ਮਕਸਦ ਤੇ ਫੌਤ ਹੋ ਜਾਏਗਾ।” ਬਾਬਾ ਫਰੀਦ ਨੇ ਵੀ ਕਿਹਾ ਸੀ ਕਿ “ਮੇਰੇ ਹੱਥ ਚ ਸੂਈ, ਸੂਈ ਧਾਗਾ ਐ, ਮੇਰੇ ਹੱਥ ਚ ਕੈਂਚੀ ਨਹੀਂ ਐ, ਮੈਂ ਜੋੜਨ ਆਇਆਂ ਵਾਂ”, ਉਹਨਾਂ ਨੇ ਸਾਰਿਆਂ ਨੇ ਜਿਹੜੀ ਸਾਡੇ ਸਾਰਿਆਂ ਦੀ ਜਿਹੜੀ ਸ਼ਾਇਰੀ ਐ, ਉਹਦੇ ਵਿੱਚ ਕਿਸੇ ਮਜਹਬ ਦੇ ਖਿਲਾਫ ਕੁਛ ਨਹੀਂ, ਉਹ ਇੱਕ ਸੈਕੂਲਰ ਲਿਟਰੇਚਰ ਐ, ਉਹ ਜਿੰਦਗੀ ਬਾਰੇ ਜਿਹੜੇ ਉਹਦੇ ਸਵਾਲ ਨੇ, ਉਹਨੂੰ ਅਸੀਂ ਕਹਿੰਦੇ ਆਂ ਪੰਜਾਬੀ ਚ ਖਹਿਣਾ, “ਉਹ ਖਹਿ ਰਿਹਾ ਆਪਣੇ ਵਕਤ ਚ, ਰਿਹਾ ਉਹ ਸਾਡਾ ਲਿਟਰੇਚਰ ਜਿਹੜਾ ਉਹਦੀ ਕਹਾਣੀ ਕਰਦਾ।” ਉਹ ਜਿਹੜਾ ਪੰਜਾਬ ਦਾ ਸਾਰਾ ਸਮਾਜ ਸੀ ਪੁਰਾਣਾ ਉਹ ਐਗਰੀਕਲਚਰਲ ਸੀ, ਜਮੀਨ ਦੇ ਨਾਲ ਸੀ ਉਹਦਾ ਤੁਅਲਕ ਔਰ ਤੁਸੀਂ ਦੇਖੋ ਸਾਰੇ ਇਮਜੇਜ ਜਿਹੜੇ ਨੇ ਸਾਡੀ ਪੋਇਟਰੀ ਦੇ, ਉਹ ਐਗਰੀਕਲਚਰ ਤੋਂ ਆਂਦੇ ਨੇ। ਬਾਬੇ ਫਰੀਦ ਦੇ ਵੀ ਉਹਦੇ ਤੋਂ ਆਂਦੇ ਨੇ, ਔਰ ਨਾਨਕ ਦੇ ਵੀ ਉਹਦੇ ਤੋਂ ਆਂਦੇ ਨੇ ਤੇ ਆਹ

ਸਾਰੀ ਜਿਹੜੀ ਇਹਦੇ ਵਿੱਚ, ਦਮੋਦਰ ਜਿਹੜਾ ਹੈ, ਉਹ ਦੂਸਰੇ ਮਜਹਬ ਦਾ ਹੈ, ਬਾਬਾ ਨਾਨਕ ਇੱਕ ਹੋਰ ਸੀ। ਅਸੀਂ ਸਾਰਿਆਂ ਨੂੰ ਇਕੱਠਾ ਪੜਨੇ ਆਂ, ਅਸੀਂ ਇਸ ਤਰਾਂ ਨਹੀਂ ਪੜਦੇ ਕਿ ਐਹ ਮੁਸਲਮਾਨ ਐ, ਐਹ ਨੌਨ-ਮੁਸਲਮਾਨ ਐ, ਲਿਹਾਜਾ ਜੇ ਬੁੱਲੇ ਸ਼ਾਹ ਅਸੀਂ ਪੜਦੇ ਹੁੰਦੇ ਤੇ ਕਿਸੇ ਮਸਜਿਦ ਦੇ ਬਾਹਰ ਬੰਬ ਧਮਾਕਾ ਨਹੀਂ ਹੋ ਸਕਦਾ ਸੀ, ਅਸੀਂ ਇਸ ਚੀਜ ਨੂੰ, ਸਾਡਾ, ਇਹ ਤਾਲੀਮ ਨਹੀਂ ਹੈ ਸਾਡੀ, ਨਾ ਸ਼ੀਆ ਦੀ ਨਾ ਸੁੰਨੀ ਦੀ, ਸਾਡੇ ਚ ਨਹੀਂ ਐ, ਅਸੀਂ ਸਾਰਾ, ਨਾ ਸਿਰਫ ਇੱਕ ਮਜਹਬ, ਬਲਕਿ ਦੂਸਰੇ ਮਜਹਬ ਵਾਸਤੇ ਵੀ ਹਿੰਦੂ, ਸਿੱਖ, ਮੁਸਲਿਮ, ਕ੍ਰਿਸਚੀਅਨ ਜੋ ਵੀ ਆਇਆ, ਬੁੱਧ ਐ ਸਾਰਿਆਂ ਨੂੰ, ਉਹਨਾਂ ਨੇ ਸਾਰਿਆਂ ਨੂੰ ਐਡਰੈਸ ਕੀਤਾ, ਕਿਉਂਕਿ ਸਾਰੀ ਸੁਸਾਇਟੀ ਜਿਹੜੀ ਐ ਸਾਡੀ ਉਹ ਇਹਨਾਂ ਨੂੰ ਮੰਨਦੀ ਐ, ਸਾਡੀ ਐਕਸਰੀ ਐ ਜਿਹੜੀ ਇਹਨਾਂ ਨੂੰ ਮੰਨਦੀ ਐ, ਇਹਦੇ ਵਿੱਚ ਰਹਿੰਦੀ ਐ, ਐਹ ਗਾਇਆ ਜਾਂਦਾ ਐ, ਪੜਿਆ ਜਾਂਦਾ ਐ, ਛਪਦਾ ਐ ਔਰ ਐਹ ਸਾਡਾ ਅਸਲ ਕਲਚਰ ਐ। ਔਰ ਇਹ ਕਲਚਰ ਪੈਦਾ ਹੋਇਆ, ਅਲਹਿਦਗੀ ਦੇ ਵਿੱਚ ਨੀ ਪੈਦਾ ਹੋਇਆ, ਐਹ ਜਿਹੜਾ ਐਥੇ ਹਿੰਦੁਸਤਾਨ ਦਾ ਪੁਰਾਣਾ ਤਰੀਕਾ ਐ, ਕਲਚਰ ਸੀ ਉਹਦੇ ਨਾਲ ਮਿਲ ਕੇ ਐਹ ਵਧਿਆ ਐ, ਉਹਦੇ ਤੋਂ ਅਸਰ ਵੀ ਇਹਨਾਂ ਨੇ ਲਿਆ, ਉਹਦੇ ਤੇ ਅਸਰ ਪਾਇਆ ਵੀ ਐ, ਇਹਨਾਂ ਦੋਵਾਂ ਨੇ, ਮਿਲਕੇ ਜਿਹੜਾ ਸਾਰਾ ਐ ਚੱਲਿਆ ਜੀਹਨੂੰ ਅਸੀਂ ਵਾਜਦ ਵਜੂਦ ਵੀ ਕਹਿੰਦੇ ਆਂ, ਇਹਦਾ ਮਤਲਬ ਹੈ ਕਿ ਹਰ ਬੰਦਾ ਜਿਹੜਾ ਉਹ ਬਰਾਬਰ ਹੈ ਔਰ ਖੁਦਾ ਜਿਹੜਾ ਹੈ, ਉਹ ਬੰਦੇ ਦੇ ਅੰਦਰ ਹੈ ਔਰ ਬੰਦਾ ਖੁਦਾ ਦੇ ਅੰਦਰ ਐ, ਐਹ ਇਹਨਾਂ ਦੀ ਬੇਸਿਕ ਚੀਜ ਸੀ।

ਬਾਬਾ ਨਾਨਕ ਨੂੰ ਤੇ ਅਸੀਂ ਓਦਾਂ ਈ ਬੜੇ ਪੜਨੇ ਆਂ ਜਿਸ ਤਰਾਂ ਅਸੀਂ ਦੂਸਰੇ ਬਾਬਿਆਂ ਨੂੰ ਪੜਨੇ ਆਂ, ਫਰੀਦ ਨੂੰ ਪੜਨੇ ਆਂ ਜਾਂ ਬੁੱਲੇ ਸ਼ਾਹ ਨੂੰ ਪੜਨੇ ਆਂ, ਸਾਡੀ ਲੋਕ ਟਰੀਡਸ਼ਨ ਚ ਵੀ ਉਹ ਮੌਜੂਦ ਐ, ਲੇਕਿਨ ਬਾਅਦ ਚ ਜਦੋਂ ਚੀਜਾਂ ਤਬਦੀਲ ਹੋਈਆਂ ਨੇ ਔਰ ਰਣਜੀਤ ਸਿੰਘ ਵੀ, ਜਿਹੜੀ ਉਹਦੀ ਬਾਦਸ਼ਾਹ ਸੀ, ਉਹ ਲੱਗਦਾ ਸੀ ਜਿਵੇਂ ਬਾਦਸ਼ਾਹ ਬਣ ਗਿਆ ਨਾ ਲੇਕਿਨ ਉਹਨੇ ਆਪਣਾ ਨਾਂ ਰਾਜਾ ਨਹੀਂ ਰੱਖਿਆ, ਮਹਾਰਾਜਾ ਰੱਖਤਾ, ਰਾਜਿਆਂ ਦਾ ਰਾਜਾ, ਮਹਾਰਾਜਾ ਰਣਜੀਤ ਸਿੰਘ ਬਣ ਗਿਆ ਔਰ ਉਸ ਤਰਾਂ ਈ ਉਸਨੇ ਦਰਬਾਰ ਬਣਾ ਲਿਆ, ਲੇਕਿਨ ਉਸ ਤੋਂ ਬਾਅਦ ਜਦੋਂ ਅੰਗਰੇਜਾਂ ਦਾ ਜਿਹੜਾ ਪੀਰੀਅਡ ਐ ਅਹਿ ਜਿਹੜਾ ਅਕਲਿਊਸਿਵਨਿਸ ਐ ਮਜਹਬਾਂ ਦੀ ਉਹ ਸ਼ੁਰੂ ਹੋ ਗਈ ਸੀ ਔਰ ਮੁਸਲਮਾਨਾਂ ਚ ਵੀ ਹੋ ਗਈ ਸੀ ਸ਼ੁਰੂ ਔਰ ਹਿੰਦੂਆਂ ਵਿੱਚ ਵੀ ਸ਼ੁਰੂ ਹੋ ਗਈ ਸੀ ਔਰ ਸਿੱਖਾਂ ਚ ਵੀ, ਇਹਦੀ ਬੁਨਿਆਦ ਅੰਗਰੇਜ ਨੇ ਹੀ ਰੱਖੀ ਐ। ਕਿਉਂਕਿ ਅੰਗਰੇਜ ਨੇ ਜਦੋਂ ਰਾਈਟਸ ਦੇਣੇ ਸ਼ੁਰੂ ਕੀਤੇ ਨੇ, ਉਹਨੇ ਕਿਹਾ ਕਿ ਤੁਸੀਂ ਆਪਣਾ ਆਪਣਾ ਗਰੁੱਪ ਬਣਾ ਕੇ ਲੈ ਕੇ ਆਓ ਤੇ ਮੁਹੰਮਦਨ 1906 ਦੇ ਵਿੱਚ, ਉਹ ਮੁਹੰਮਦਨ ਸੁਸਾਇਟੀ ਸੀ ਉਹ ਗਈ, ਉਹਦੇ ਚੋਂ ਫਿਰ ਮੁਸਲਿਮ ਲੀਗ ਨਿਕਲੀ ਬਾਅਦ ਦੇ ਵਿੱਚ। ਜਦੋਂ ਪਾਰਟੀਸ਼ਨ ਹੋ ਗਈ ਔਰ ਪਾਕਿਸਤਾਨ ਹੋ ਗਿਆ ਅਲੱਗ ਬਣ ਗਿਆ ਹਿੰਦੁਸਤਾਨ ਬਣ ਗਿਆ ਤੇ ਉਹ ਜਿਹੜਾ ਸੀ, ਮੇਰਾ ਖਿਆਲ ਐ ਕਿ ਸਿੱਖਾਂ ਨੂੰ ਇਹ ਲੱਗਾ ਕਿ ਸੁਫਨਾ ਪੂਰਾ ਨਹੀਂ ਹੋਇਆ, ਸਾਡਾ ਸੁਫਨਾ ਅਧੂਰਾ ਰਹਿ ਗਿਆ ਐ, ਅਸੀਂ ਪੰਜਾਬ ਦੀ ਸਟੇਟ ਬਣਾਨਾ ਚਾਂਹਨੇ ਸਾਂ, ਲੇਕਿਨ ਉਹਨਾਂ ਜਿਹੜੀ ਪੰਜਾਬ ਦੀ ਸਟੇਟ ਬਣਾਈ, ਉਹਦੇ ਚ ਥੋੜਾ ਜਿਹਾ ਜਿਆਦਾ ਜੋਰ ਉਹਦੇ ਤੇ ਪਾਤਾ। ਮੈਨ ਸਮਝਦਾਂ ਹਾਂ ਜਿਹੜਾ ਪੰਜਾਬੀ ਅਦਬ ਹੈ, ਉਹਦੇ ਚ ਸਭ ਲੋਗ ਸ਼ਾਮਿਲ ਨੇ, ਫਿਰ ਤੁਸੀਂ ਬੁੱਲੇ ਸ਼ਾਹ ਨੂੰ ਕੱਢ ਦਿੰਦੇ ਹੋ, ਵਾਰਿਸ਼ ਸ਼ਾਹ ਨੂੰ ਕੱਢ ਦਿੰਦੇ ਹੋ ਔਰ ਸਿਰਫ ਤੁਸੀਂ ਆਪਣੇ ਲੋਕਾਂ ਨੂੰ ਹੀ ਪੜਦੇ ਹੋ ਤੇ ਫਿਰ ਮੈਂ ਦੱਸਿਆ ਸੀ ਕਿ ਜਸਟੀਫਾਈ ਨਹੀਂ ਐ, ਐਹ ਇਨਸਾਫ ਨਹੀਂ ਐ। ਲੇਕਿਨ ਸਾਡੇ ਕੁਛ ਐਸੇ ਸ਼ਾਇਰ ਨੇ ਜਿਹੜੇ ਕਿਸੀ ਤਰਾਂ ਵੀ ਨੌਨ, ਜਾਂ ਮਜਬੀ ਨਹੀਂ ਬਣਾ ਸਕਦੇ

ਜਿਵੇਂ ਬੁਲੇ ਸ਼ਾਹ ਐ, ਕਿਉਂਕਿ ਬੁੱਲੇ ਸ਼ਾਹ ਜਿਹੜਾ ਐ ਉਹ ਮੌਲਵੀ ਮਸਜਿਦ ਚ ਨਹੀਂ ਪੜਦਾ, ਉਹਨੂੰ ਖਤਰਾ ਐ ਉਹਦੇ ਤੋਂ, ਵਾਰਿਸ ਸ਼ਾਹ ਨਹੀਂ ਪੜਿਆ ਜਾਂਦਾ ਮਸਜਿਦ ਚ , ਗਾਇਆ ਨਹੀਂ ਜਾਂਦਾ, ਹੋਰ ਵੀ ਕਾਫੀ ਸ਼ੇਅਰ ਨੇ ਬੇਸ਼ੁਮਾਰ ਜਿਹੜੇ ਮੌਲਵੀ ਦੇ ਖਿਲਾਫ, ਉਹ ਲਿਖਦਾ ਐ ਵਾਰਿਸ ਸ਼ਾਹ ਵੀ ਲਿਖਦਾ ਐ ਤੇ ਸਾਡਾ ਤੇ ਉਹ ਜਿਹੜਾ ਹੈ ਜਿਹੜੀ ਸਾਰੀ ਟਰੀਡਸ਼ਨ ਹੈ, ਜਿਹੜੀ ਹੈ ਮੈਨ ਉਸਨੂੰ ਮੁਸਲਿਮ ਟਰਡੀਸ਼ਨ ਨਹੀਂ ਕਹਿੰਦਾ, ਮੈਨ ਉਸਨੂੰ ਪੰਜਾਬੀ ਲਿਟਰੇਚਰ ਦੀ ਹੀ ਟਰਡੀਸ਼ਨ ਕਹਿੰਨਾ।

ਪੰਜਾਬੀ ਅਦਬ ਦੇ ਵਿੱਚ ਨਾ ਕੁਛ ਵੀ ਥਾਂ ਨਹੀਂ ਐਸੇ ਸਾਡੇ ਔਰ ਮੈਂ ਸਮਝਨਾਂ ਕਿ ਐਸ ਮਾਮਲੇ ਚ ਚੜਦਾ ਪੰਜਾਬ ਸਾਡੇ ਤੋਂ ਬਹੁਤ ਅੱਗੇ ਐ, ਉਥੇ ਉਹਨਾਂ ਕੋ ਬਹੁਤ ਨਾਂ ਨੇ ਜਿਹਨਾਂ ਨੇ ਬਹੁਤ ਅੱਛਾ ਲਿਟਰੇਚਰ ਲਿਖਿਆ- ਅਮਮ੍ਰਿਤਾ ਪ੍ਰੀਤਮ ਨੇ ਲਿਖਿਆ, ਅਜੀਤ ਕੌਰ ਨੇ ਲਿਖਿਆ, ਦਲੀਪ ਕੌਰ ਟਿਵਾਣਾ ਨੇ ਲਿਖਿਆ। ਸਾਡੇ ਅਹਿ ਬਹੁਤ ਨਹੀਂ ਐ ਜਿਆਦਾ, ਥੋੜਾ ਐ, ਜਿੰਨਾ ਹੋਣਾ ਚਾਹੀਦਾ ਉਨਾ ਵੀ ਨਹੀਂ ਐ। ਲੇਕਿਨ ਅਸੀਂ ਉਮੀਦ ਈ ਕਰ ਸਕਨੇ ਆਂ, ਸ਼ਾਇਰੀ ਦੇ ਵਿਚ ਹੈਨੇ, ਕਹਾਣੀਕਾਰ ਨੇ ਔਰਤਾਂ, ਲੇਕਿਨ ਬਹੁਤ ਜਿਆਦਾ ਨਹੀਂ, ਥੋੜੀਆਂ ਨੇ। ਅਸੀਂ ਮੁਸਤਮੇ, ਸੈਟਸਫਾਈ ਨਹੀਂ ਹਾਂ ਉਸ ਤੋਂ, ਹੋਰ ਹੋਣਾ ਚਾਹੀਦਾ, ਜਿਆਦਾ ਹੋਣਾ ਚਾਹੀਦਾ ਐ, ਆਣਾ ਚਾਹੀਦਾ, ਉਰਦੂ ਦੇ ਵਿੱਚ ਤੇ ਹੋ ਗਿਆ ਕਾਫੀ ਹੋ ਗਿਆ। ਉਰਦੂ ਦੇ ਵਿੱਚ ਔਰਤਾਂ ਕਾਫੀ ਆ ਰਹੀਆਂ ਨੇ, ਫੈਮੀਨਿਸਟ ਵੀ ਆ ਰਹੀਆਂ ਨੇ ਔਰ ਡਫਾਈਨਜ ਵੀ ਕਰ ਰਹੀਆਂ ਨੇ ਔਰ ਲਿਖ ਵੀ ਰਹੀਆਂ ਨੇ, ਪੰਜਾਬੀ ਚ ਹਾਲੇ ਥੌੜਾ ਐ ਸਾਡੇ ਪਾਸ। ਉਹਦੀ ਵਜਾਹ ਤੇ ਉਹੀ ਹੈ ਜਿਹੜੀ ਕਿ ਪੰਜਾਬੀ ਜਿਹੜੀ ਹੈ ਉਹ ਜ਼ੁਬਾਨ ਨਹੀਂ ਬਣੀ। ਪੰਜਾਬੀ ਅਜੇ ਵੀ ਜਿਹੜੀ ਐ ਉਹ ਕਮਿਟਮੈਂਟ ਦਾ ਮਸਲਾ ਐ। ਜਿਹੜੇ ਲੋਕ ਲਿਖ ਰਹੇ ਨੇ, ਉਹ ਆਪਣੀ ਕਮਿਟਮੈਂਟ ਦੀ ਵਜਾਹ ਨਾਲ ਲਿਖ ਰਹੇ ਨੇ। ਔਰ ਉਹਦੇ ਚ ਔਰਤਾਂ ਆਈਆਂ ਨੇ, ਕੁਛ ਆਈਆਂ ਨੇ, ਪਰਬੀਨ ਮਲਿਕ ਨੇ, ਅਵਸਰ ਤਸਰੀਬ ਸਨ, ਹੋਰ ਵੀ ਨਾਂ ਜਿਹੜੈ ਨੇ ਅਸੀਂ ਲੈ ਸਕਦੇ ਆਂ। ਆਪਣੇ ਹੈ ਨੇ ਤਸਰੀਬ ਅਜਬ ਭੱਟੀ ਨੇ, ਬੜੀ ਅੱਛੀ ਸ਼ਾਇਰਾ ਨੇ, ਬੜੀ ਇਨਕਲਾਬੀ ਸ਼ਾਇਰੀ ਕੀਤੀ ਐ, ਸ਼ਾਰੋ ਸਕੁਤਫਾ ਸਨ, ਇਕ ਉਹਨਾਂ ਨੇ ਉਹਦੇ ਚ ਵੀ ਕੀਤੀ ਐ ਪੰਜਾਬੀ ਚ, ਹੋਰ ਨਾਂ ਵੀ ਨੇ, ਲੇਕਿਨ ਉਹਨਾਂ ਤੇ ਕਿਤਾਬਾਂ ਵੀ ਲਿਖੀਆਂ ਗਈਆਂ ਨੇ ਔਰਤਾਂ ਦੇ ਉਤੇ ਵੀ, ਕਾਫੀ ਨਾਂ ਵੀ ਨਿਕਲ ਆਣਗੇ, ਲੇਕਿਨ ਉਹਨਾਂ ਨੇ ਜਿਹੜਾ ਲਿਟਰੇਚਰ ਪਰਡਿਊਸ ਕੀਤਾ, ਉਹ ਬਹੁਤ ਜਿਆਦਾ ਨਹੀਂ ਹੈ, ਥੋੜਾ ਐ।

ਮੈਂ ਆਪਣਾ ਬਚਪਨ ਜਿਹੜਾ ਨਾ ਕ੍ਰਿਸ਼ਨ ਨਗਰ ਗੁਜਾਰਿਆ ਸੀ, ਉਹਦੇ ਕੁਛ ਪਰਸਨਲ ਰੀਜਨ ਵੀ ਨੇ। ਗੁਜਾਰਿਆ ਸੀ, ਉਥੇ ਇਕ ਮਕਾਨ ਚ ਅਸੀਂ ਰਹਿੰਦੇ ਸੀ, ਬਾਅਦ ਚ ਉਹ ਮਕਾਨ ਵੇਚ ਦਿੱਤਾ ਗਿਆ। ਪਤਾ ਲੱਗਾ ਕਿ ਉਹ ਸਾਡੀ ਫੈਮਿਲੀ ਦਾ ਕੁਲੈਕਟਿਵ ਮਕਾਨ ਸੀ, ਉਹ ਸਾਡਾ ਮਕਾਨ ਨਹੀਂ ਸੀ। ਮੈਂ ਉਥੇ ਕਾਫੀ ਸਾਲ ਰਿਹਾ ਸਾਂ 20-22 ਸਾਲ ਰਿਹਾ ਸਾਂ ਤੇ 80ਜ ਵਿੱਚ ਉਹ ਮਕਾਨ ਵੇਚ ਦਿੱਤਾ ਗਿਆ, ਮੈਨੂੰ ਉਸ ਚੀਜ ਦਾ ਬਹੁਤ ਜਿਆਦਾ ਗੁੱਸਾ ਲੱਗਾ, ਮੈਂ ਕਈ ਸਾਲ ਵਾਪਿਸ ਨਹੀਂ ਗਿਆ ਉਸ ਮੁਹੱਲੇ ਚ। ਮੈਂ ਲਾਹੌਰ ਰਹਿੰਦਾ ਰਿਹਾਂ, ਲੇਕਿਨ ਮੈਂ ਉਸ ਮੁਹਲੇ ਚ ਨਹੀਂ ਗਿਆ। ਮੈਨੂੰ ਬੜਾ ਬੁਰਾ ਲੱਗਾ ਕਿ ਮੈਂ ਘਰ ਚ ਇਕ ਚ ਰਹਿ ਰਿਹਾ ਸਾਂ ਉਹ ਖਤਮ ਹੋ ਗਿਆ, ਮਹੁੱਲੇ ਨਾਲ ਮੈਂ ਉਹ ਖਤਮ ਹੋ ਗਿਆ, ਰਿਸ਼ਤਾ ਖਤਮ ਹੋ ਗਿਆ, ਉਹ ਵੇਚ ਦਿੱਤਾ ਗਿਆ ਤੇ ਉਹ ਮੈਂ ਦਸ ਸਾਲ ਦੁਬਾਰਾ ਨਹੀਂ ਗਿਆ ਉਥੇ, ਉਹ ਦਸ ਸਾਲ ਫਿਰ ਮੈਂ ਕਹਾਣੀਆਂ ਲਿਖੀਆਂ ਉਹਦੇ ਬਾਰੇ, ਉਹ ਮੈਨੂੰ ਹਾਰਟ ਕਰਨ ਲੱਗ ਪੈਣਾ, ਉਹਦੇ ਚ ਮੈਂ

*ਮੀਂਹ, ਬੂਹੇ ਤੇ ਬਾਰੀ* ਇਕ ਲਿਖੀ ਕਹਾਣੀ, ਹੋਰ ਕੁਝ ਦੂਸਰੀਆਂ ਕਹਾਣੀਆਂ ਨੇ, ਬੂਹਾ ਬੰਦ ਐ, ਕਾਫੀ ਕਹਾਣੀਆਂ ਲਿਖੀਆਂ ਤੇ ਮੈਂ ਕੁਛ ਦੋਸਤਾਂ ਦਾ ਖਿਆਲ ਐ ਕਿ ਨੌਸਟੌਲਜੀਆ ਲਿਖਦਾ, ਲੇਕਿਨ ਮੈਂ ਨੌਸਟੌਲਜੀਏ ਦੀ ਕਹਾਣੀ ਨਹੀਂ ਲਿਖਦਾ, ਮੈਂ ਵਕਤ ਦੀ ਕਹਾਣੀ ਲਿਖਨਾ ਵਾਂ, ਟਾਈਮ ਦੀ ਕਹਾਣੀ ਲਿਖਨਾ ਵਾਂ ਔਰ ਟਾਈਮ ਦੇ ਵਿੱਚ ਜਿਹੜੀਆਂ ਚੀਜਾਂ ਤਬਦੀਲ ਹੁੰਦੀਆਂ ਨੇ, ਮੈਨੂੰ ਲੱਗਦਾ ਹੈ ਕਿ ਜਿਸ ਤਰਾਂ ਚੀਜਾਂ ਤਬਦੀਲ਼ ਹੁੰਦੀਆਂ ਨੇ, ਬੰਦੇ ਦਾ ਜ਼ਿਹਨ ਉਸ ਤਰਾਂ ਤਬਦੀਲ ਨਹੀਂ ਹੁੰਦਾ, ਬੰਦੇ ਦੇ ਜ਼ਿਹਨ ਉਹ ਫਿਕਸ ਹੋਈਆਂ ਹੁੰਦੀਆਂ ਨੇ, ਬੰਦੇ ਦਾ ਜ਼ਿਹਨ ਉਹਦੇ ਨਾਲ, ਉਹਦੇ ਨਾਲ ਫਿਰ ਇੱਕ ਦੁੱਖ ਪੈਦਾ ਹੁੰਦਾ। ਤੁਸੀਂ ਇੱਕ ਜਗਾ ਜਾਂਦੇ ਓ ਜਿਥੇ ਤੁਸੀਂ ਰਹਿੰਦੇ ਹੁੰਦੇ ਓ, ਤੁਸੀਂ ਦੇਖਦੇ ਓ ਕਿ ਬਦਲ ਗਈ ਹੋਈ ਐ, ਲੇਕਿਨ ਤੁਹਾਡੇ ਜ਼ਿਹਨ ਚ ਉਹ ਮੌਜੂਦ ਹੁੰਦੀ ਐ, ਉਹ ਇੱਕ ਦੁੱਖ ਪੈਦਾ ਹੁੰਦਾ। ਇੱਕ ਦੁੱਖ ਪੈਦਾ ਹੁੰਦਾ ਉਹਦੇ ਨਾਲ, ਤੁਸੀਂ ਉਹਨੂੰ ਆਸਤਾ ਆਸਤਾ ਐਸਪਟ ਕਰਦੇ ਓ, ਇਕ ਦਮ ਨਹੀਂ ਕਰਦੇ, ਮੈਂ ਉਹ ਦੁੱਖ ਦੀ ਕਹਾਣੀ ਕਰਨਾ, ਦੂਸਰਾ ਜਿਹੜਾ ਹੈ, ਕ੍ਰਿਸ਼ਨ ਨਗਰ ਜਿਹੜਾ ਹੈ, ਉਹ ਮੇਰੇ ਲਈ ਇੱਕ ਮੈਟਾਫਰ ਹੈ, ਲਾਹੌਰ ਸ਼ਹਿਰ ਦਾ, ਲਾਹੌਰ ਸ਼ਹਿਰ ਦਾ ਇੱਕ ਮੁਹੱਲਾ ਐ, ਜਿਸ ਤਰਾਂ ਉਹ ਮੁਹੱਲਾ ਤਬਦੀਲ ਹੋਇਆ, ਇਸ ਤਰਾਂ ਈ ਪੂਰਾ ਲਾਹੌਰ ਸ਼ਹਿਰ ਤਬਦੀਲ ਹੋਇਆ, ਦੂਸਰੀ ਜਿਹੜੀ ਗੱਲ ਹੈ ਕਿ ਜਿਹੜਾ ਵਕਤ ਐ, ਵਕਤ ਨੂੰ ਵੀ ਕਰੈਕਟਰ ਬਣਾ ਕੇ ਲਿਖਨਾ ਵਾਂ ਔਰ ਜਿਹੜੀਆਂ ਪਲੇਸਜ ਨੇ ਜਗਾ ਨੇ, ਜਗਾ ਦੇ ਨਾਲ ਜਿਹੜੀ ਬੰਦੇ ਦੀ ਅਟੈਚਮਿੰਟ ਹੁੰਦੀ ਐ, ਉਹਨੂੰ ਵੀ ਮੈਂ ਕਰੈਕਟਰ ਬਣਾ ਕੇ ਲਿਖਨਾ ਵਾਂ ਤੇ ਉਸ ਤਰਾਂ ਮੇਰਾ ਇਕ ਹੈ ਤੁਸੀਨ ਸਮਝੋ ਇਕ ਰਿਜਰਵਾਇਰ ਐ, ਜਿਹੜਾ ਕ੍ਰਿਸ਼ਨ ਨਗਰ ਐ, ਇੱਕ ਖੂਹ ਐ, ਖੂਹ ਦੇ ਥੱਲੇ ਪਾਣੀ ਪਤਾ ਨਹੀਂ ਕਿਥੋਂ ਆ ਰਿਹਾ ਐ ਤੇ ਉਹ ਆਈ ਜਾ ਰਿਹਾ ਤੇ ਉਸ ਤਰਾਂ ਮੈਂ ਲਿਖਨਾ ਵਾਂ, ਲੇਕਿਨ ਮੈਂ ਉਹਨੂੰ ਜਿਹੜੀ ਕਹਾਣੀ ਐ, ਉਹ ਮੈਂ ਸਮਝਦਾਂ ਕਿ ਕਹਾਣੀ ਜਿਹੜੀ ਐ ਉਹ ਵੇਲੇ ਦੀ ਹੁੰਦੀ ਐ ਔਰ ਵੇਲੇ ਚ ਜਿਹੜੀ ਤਬਦੀਲੀ ਐ, ਉਹਦੀ ਕਹਾਣੀ ਹੁੰਦੀ ਐ। ਕੋਈ ਦੂਸਰਾ ਜਿਹੜਾ ਕਹਾਣੀ ਦੇ ਵਿੱਚ ਜਿਹੜੀ ਕਹਾਣੀ ਸਾਡੀ ਲਿਖੀ ਜਾ ਰਹੀ ਸੀ, ਉਹ ਮੈਨੂੰ ਲੱਗਦਾ ਸੀ ਕਿ ਉਹ ਥੋੜੀ ਜਿਹੀ ਰਵਾਇਤੀ ਐ ਔਰ ਅਸੀਂ ਮੱਖੀ ਤੇ ਮੱਖੀ ਮਾਰ ਰਹੇ ਹਾਂ, ਮੈਂ ਉਸ ਤਰਾਂ ਦੀ ਕਹਾਣੀ ਲਿਖਣਾ ਨਹੀਂ ਚਾਂਹਦਾ ਸੀ। ਕਿਉਂਕਿ ਮੈਨੂੰ ਲੱਗਦਾ ਸੀ ਕਿ, ਕਿਉਂਕਿ ਮੈਂ ਵੈਸਟ ਵੀ ਪੜਿਆ, ਅੰਗਰੇਜੀ, ਇੰਗਲਿਸ਼ ਲਿਟਰੇਚਰ ਦੇ ਸਟੂਡੈਂਟ ਹੋਣ ਦੀ ਵਜਾਹ, ਲਹਿਜਾ ਨਾਲ ਮੈਨੂੰ ਲੱਗਦਾ ਸੀ ਕਿ ਤੁਸੀਂ ਬਿਲਕੁਲ ਰੀਅਲੈਸਟਿਕ ਕਹਾਣੀ ਨਹੀਂ ਲਿਖ ਸਕਦੇ ਓ, ਉਹਨੂੰ ਥੋੜਾ ਜਿਹਾ ਚੇਂਜ ਕਰਨਾ ਚਾਹੀਦਾ, ਜਿਵੇਂ ਉਹਦੀ ਇੱਕ ਬਿਗਨਿੰਗ ਹੁੰਦੀ ਐ, ਇੱਕ ਮਿਡਲ ਹੁੰਦਾ, ਇੱਕ ਇੰਡ ਹੁੰਦਾ ਐ, ਇੱਕ ਰਵਾਇਤੀ ਜਿਹੀ ਕਹਾਣੀ ਐ, ਜਿਹੜਾ ਗਰੀਕ ਫਾਰਮੂਲਾ ਐ, ਉਹਦਾ ਡਰਾਮੇ ਦਾ ਵੀ ਇਹੀ, ਇਹ ਇਸ ਤਰਾਂ ਮੈਨੂੰ ਲੱਗਦਾ ਸੀ ਕਿ ਮੈਨੂੰ ਤੋੜਨਾ ਚਾਹੀਦਾ ਓਸ ਸਟਰੱਕਚਰ ਨੂੰ ਤੇ ਮੈਂ ਉਹਨੂੰ ਤੋੜਨ ਦੀ ਕੋਸ਼ਿਸ਼ ਵੀ ਕੀਤੀ ਐ, ਮਸਲਨ ਮੇਰੀ ਜਿਹੜੀ ਕਹਾਣੀ ਹੈ 'ਮੀਂਹ, ਬੂਹੇ ਤੇ ਬਾਰੀਆਂ' ਉਹ ਲਿਖੀ ਤੇ ਪਰੈਜ਼ੰਟ ਚ ਗਈ ਐ ਇਕ ਰਾਈਟਰ ਜਿਹੜਾ ਹੈ, ਨਰੇਟਰ ਜਿਹੜਾ, ਉਹ ਖਿੜਕੀ ਅੱਗੇ ਬੈਠਾ ਔਰ ਦੇਖ ਰਿਹਾ, ਲੇਕਿਨ ਉਹ ਕਹਾਣੀ ਪੁਰਾਣੀ ਹੀ ਕਰ ਰਿਹਾ ਜਿਵੇਂ ਜਿਦਾ ਫਿਕਰਾ ਇੱਕ ਆਂਦਾ 'ਉਹ ਕਿੱਥੇ ਗਏ ਸਾਰੇ?', ਕੁਛ ਕਰੈਕਟਰਜ ਦੀ ਗੱਲ ਹੁੰਦੀ ਐ, ਇਕ ਦਮ ਕਹਿੰਦਾ, 'ਹੁਣ ਉਹ ਕਿਥੇ ਆ?', ਇਕ ਦਮ ਉਹ ਉਹਨੂੰ ਨਾ ਉਹਦੇ ਵਿੱਚ ਉਹ ਜਿਹੜਾ ਸਟੀਮ ਆਫ ਕੌਨਸ਼ੀਅਸਨੈਸ ਤੁਸੀਂ ਕਹਿਲੋ, ਉਸ ਗੱਲ ਦੀ ਕਤਿੀ ਐ ਸਾਰੀ ਕਹਾਣੀ ਔਰ ਜਿਹੜੀ ਮੇਰੀ ਦੂਸਰੀ ਕਿਤਾਬ ਆਈ ਐ ਉਹਦੇ ਚ ਮੈਂ ਹੋਰ ਪਿੱਛੇ ਗਿਆਂ, ਮੈਂ ਗੁਰਦਾਸਪੁਰ ਵੀ ਗਿਆਂ ਵਾਂ, ਉਹਦੇ ਚ ਮੈਂ ਹੋਰ ਪਿੱਛੇ ਚਲਾ

ਗਿਆਂ ਵਾਂ, ਉਹ ਡੈਡੀਕੇਟ ਵੀ ਮੈਂ ਗੁਰਦਾਸਪੁਰ ਕੀਤੀ ਐ, ਮੈਂ ਨਹੀਂ ਸਮਝਦਾ ਕਿ ਆਪਣੇ ਰੂਟਸ ਦੀ ਗੱਲ ਕਰਨਾਂ ਜਾਂ ਆਪਣੇ ਰੂਟਸ ਨੂੰ ਡਿਸਕਵਰ ਕਰਨਾਂ ਜਾਂ ਜਿਹੜਾ ਹੈ ਪੁਰਾਣੇ ਦੀ ਗੱਲ ਕਰਨਾ, ਮੈਂ ਨਹੀਂ ਸਮਝਦਾ ਕਿ ਕੋਈ ਬਹੁਤ ਹੀ ਰੀਐਕਸ਼ਨਰੀ ਜਾਂ ਬਹੁਤੀ ਬੈਕਵਾਰਡ ਗੱਲ ਐ। ਇੱਕ ਬੰਦੇ ਦੀ ਆਪਣੀ ਤਾਰੀਖ ਐ ਉਹ, ਕਿਸ ਤਰਾਂ ਲੋਕ ਰਹਿੰਦੇ ਸਨ ਉਹ ਜਿਹੜਾ ਸਾਡੇ ਪੁਰਾਣਾ ਕਲਚਰ ਸੀ, ਪੁਰਾਣਾ ਕਲਚਰ ਸੀ ਲਾਹੌਰ ਦਾ ਬਹੁਤ ਜਬਰਦਸਤ ਸੀ, ਇੱਕ ਘਰ ਦੇ ਵਿੱਚ ਆਲਣ ਸਾਗ ਪੱਕਦਾ ਸੀ, ਦੂਸਰੇ ਘਰ ਸ਼ੇਅਰ ਕੀਤਾ ਜਾਂਦਾ ਸੀ, ਕਹਿੰਦੇ ਸੀ ਤੁਸੀਂ ਕੀ ਪਕਾਇਆ ਜੀ, ਤੁਸੀਂ ਕੀ ਪਕਾਇਆ ਜੀ?, ਆਪੋ ਵਿੱਚ ਦੁਖ ਸੁਖ ਹੁੰਦਾ ਸੀ, ਸਾਂਝ ਹੁੰਦੀ ਸੀ। ਅਗਰ ਮੈਨ ਉਸ ਸਾਂਝ ਨੂੰ ਮਹਿਸੂਸ ਕਰਨਾ ਪੈਂਦਾ ਵਾਂ, ਜਿਹੜੀ ਮੈਨੂੰ ਲੱਗਦਾ ਉਹ ਸਾਂਝ ਹੁਣ ਨਹੀਂ ਐ, ਜਿਹੜਾ ਮੌਡਰਨ ਕਲਚਰ ਆਇਆ ਸਾਡਾ। ਮੈਨੂੰ ਨਹੀਂ ਪਤਾ ਮੇਰੇ ਨੇਬਰ ਚ ਕੌਣ ਰਹਿ ਰਿਹਾ ਔਰ ਅਸੀਂ ਬਹੁਤ ਐਲੀਨੇਟਿਡ ਹੋ ਗਏ ਹਾਂ, ਅਸੀਂ ਕਈ ਕਈ ਸਾਲ ਰਹਿੰਨੇ ਆਂ ਔਰ ਉਹ ਫਿਰ ਨਹੀਂ ਹੁੰਦਾ ਜਿਸ ਤਰਾਂ ਸਵੀਡਨ ਕਹਿੰਦੇ ਨੇ ਬੰਦੇ ਮਰ ਜਾਂਦੇ ਨੇ ਤੇ ਕਈ ਦਿਨਾਂ ਬਾਅਦ ਪਤਾ ਲੱਗਦਾ ਉਹ ਘਰ ਜਿਹੜੇ ਸੀ, ਦੈਟ ਇਜ ਨੌਟ ਏ ਕਲਚਰ, ਜਿਹੜਾ ਲਿਵਿੰਗ ਐ ਲੋਕੀਂ ਆਪਣੇ ਆਪ ਨੂੰ ਰਿਲੇਟਡ ਨੇ, ਕੁਨੈਕਟਿਡ ਨੇ ਤੇ ਉਸ ਲਾਹੌਰ ਦੀ ਮੈਂ ਕਹਾਣੀ ਕਰਨਾ ਵਾਂ ਲਾਹੌਰ ਬਹੁਤ ਬਦਲਿਆ ਹੈ। ਲਾਹੌਰ ਅਸੀਂ ਅੱਖ ਬੰਦ ਕਰਕੇ ਸੜਕ ਪਾਰ ਕਰ ਲੈਂਦੇ ਸਾਂ, ਹੁਣ ਜਦੋਂ ਮੈਨੂੰ ਪੰਜ ਮਿੰਟ ਖੜਾ ਹੋਣਾ ਪੈਂਦਾ ਸੜਕ ਪਾਰ ਕਰਨ ਵਾਸਤੇ ਤੇ ਮੇਰੇ ਅੰਦਰ ਉਹ ਸਾਰਾ ਟਾਈਮ ਲੰਘਦੈ। ਹੋ ਸਕਦਾ ਇੱਕ ਪਿੰਡ ਤੋਂ ਇੱਕ ਨਵਾਂ ਬੰਦਾ ਜਿਹੜਾ ਆਇਆ ਹੋਵੇ, ਉਹਦੇ ਅੰਦਰ ਨਾ ਲੰਘਦਾ ਹੋਵੈ, ਉਹ ਉਹ ਜਗਾ ਪੁਰਾਣੀ ਨਾ ਵੇਖੀ ਹੋਵੇ ਜਿਹੜੀ ਤਬਦੀਲ ਹੋ ਗਈ ਐ, ਮਾਲ ਰੋਡ ਦੇ ਅੰਦਰ ਜਿਹੜੇ ਦਰਖਤ ਸਨ, ਉਹਨਾਂ ਦੇ ਅੰਦਰ ਹਜਾਰਾਂ ਚਿੜੀਆਂ ਸਨ, ਚਿੜੀਆਂ ਦੀਆਂ ਅਵਾਜਾਂ ਆਂਦੀਆਂ ਸਨ, ਉਹ ਚਿੜੀਆਂ ਕਿਥੇ ਗਈਆਂ, ਉਹ ਪਰਿੰਦੇ ਕਿੱਥੇ ਗਏ, ਸਾਰੇ ਪੰਖੇਰੂ ਕਿੱਥੇ ਚਲੇ ਗਏ, ਉਹ ਦਰਖਤ ਕੌਣ ਕੱਟ ਗਿਆ? ਐਹ ਜਿਹੜਾ ਸਾਰਾ ਲੈਨਡਸਕੇਪ ਐ, ਸਾਡੀ ਸਾਰੀ ਜਿਹੜੀ ਐਹ ਕਹਾਣੀ ਜਿਹੜੀ ਐ ਇਹ ਸਿਰਫ ਮੇਰੀ ਕਹਾਣੀ ਨਹੀਂ ਐ, ਇਹ ਲਾਹੌਰ ਦੀ ਵੀ ਕਹਾਣੀ ਐ, ਇਹ ਲਾਹੌਰ ਦੇ ਸ਼ਹਿਰਾਂ ਦੀ ਵੀ ਕਹਾਣੀ ਐ ਤੇ ਮੈਂ ਕੋਸ਼ਿਸ਼ ਕਰਨਾ ਵਾਂ ਉਹਨੂੰ ਲਿਖਣ ਦੀ। ਦੂਸਰਾ ਜਿਹੜਾ ਕਹਾਣੀ ਦੀ ਫੌਰਮ ਹੈਗੀ ਐ, ਜਿਹੜਾ ਕਹਾਣੀ ਦਾ ਸਟਰਕਚਰ ਹੈਗਾ, ਉਹ ਮੈਨੂੰ ਬਹੁਤ ਫੈਸੀਨੇਟ ਕਰਦਾ, ਔਰ ਮੈਂ ਲੱਭਦਾਂ ਰਹਿੰਨਾ ਵਾਂ ਨਵੇਂ ਤੋਂ ਨਵੇਂ ਰੰਗ ਨਾਲ ਕਹਾਣੀ ਕਰਾਂ, ਮਸਲਨ ਸਾਡੀ ਬੜੀ ਪੁਰਾਣੀ ਟਰਡੀਸ਼ਨ ਐ ਲੋਕ ਜਾਤਾਂ ਦੀ ਕਹਾਣੀ, ਜਿਹੜੀਆਂ ਗੌਤਮ ਬੁੱਧ ਦੀਆਂ ਕਹਾਣੀਆਂ ਨੇ। ਤੁਸੀਨ ਸੁਣਿਆ ਹੋਏਗਾ ਉਹਨਾਂ ਬਾਰੇ, ਲੋਕ ਸਾਹਿਤਾਂ ਦੀ ਕਹਾਣੀ ਹੈ ਲੇਕਿਨ ਗੌਤਮ ਬੁੱਧ ਕੋਲ ਇੱਕ ਬੰਦਾ ਆਂਦਾ ਐ, ਉਹ ਕਹਿੰਦਾ ਜੀ ਮੇਰਾ ਅਹਿ ਦੁੱਖ ਹੈ ਜਾਂ ਮੇਰਾ ਇਕ ਵਾਕਿਆ ਐ ਤੇ ਗੌਤਮ ਬੁੱਧ ਕਹਿੰਦਾ ਕਿ ਅਹਿ ਗੱਲ ਪਹਿਲੇ ਵੀ ਹੋਈ ਹੈ, ਫਿਰ ਗੌਤਮ ਬੁੱਧ ਪੂਰੀ ਕਹਾਣੀ ਸੁਣਾਂਦਾ ਜਿਹੜੀ ਕਿਸੇ ਜਾਨਵਰ ਦੀ ਐ ਜਾਂ ਕਿਸੇ ਪਰਿੰਦੇ ਦੀ ਐ, ਉਹ ਵੀ ਇੱਕ ਰੰਗ ਐ ਕਹਾਣੀ ਦਾ ਨਾ, ਇੱਕ ਤਰਾਂ ਰੰਗ ਐ, ਜਿਹੜੀਆਂ ਸਾਡੀਆਂ ਫੋਕ ਟੇਲਜ ਨੇ ਮੈਂ ਉਹ ਵੀ ਪੜਦਾ ਰਹਿੰਦਾਂ ਵਾਂ, ਜਿਹੜੀ ਵੀ ਕੋਈ ਚੀਜ ਨਜਰ ਆਂਦੀ ਐ ਕਹਾਣੀ ਦੀ, ਕੋਈ ਵੀ ਭਾਵੇਂ ਬਾਹਰ ਦੀ ਦੁਨੀਆਂ ਚ ਹੋਵੇ, ਭਾਵੇਂ ਏਧਰ ਦੀ ਮੈਂ ਕੋਸ਼ਿਸ਼ ਕਰਦਾ ਵਾਂ ਉਹਨਾਂ ਨੂੰ ਪੜਨ ਦੀ ਤੇ ਮੈਂ ਇਕ ਉਹਨੂੰ ਥੋੜਾ ਜਿਹਾ ਸਮਝਲੋ ਕਿ ਪੁਰਾਣੇ ਸਟਰਕਚਰ ਨੂੰ ਤੋੜ ਕੇ ਕਹਾਣੀ ਦੇ ਇਕ ਨਵਾਂ ਕੁਛ ਨਵੀਂ ਜਿਹੜੀ ਐ ਨਵੀਂ ਤੁਸੀਂ ਕਹਿ ਲਓ ਕਰਨ ਦੀ ਕੋਸ਼ਿਸ਼ ਕੀਤੀ ਐ ਤੇ ਇਹ ਤਾਂ ਲੋਕ ਦੱਸਣਗੇ ਕਿ ਮੈਂ ਕਿੰਨਾ ਕਾਮਯਾਬ ਆਂ, ਕੀ ਆਂ, ਮੈਂ ਸਫਲ ਹੋਇਆਂ ਵਾਂ ਜਾਂ ਨਹੀਂ ਹੋਇਆਂ,

ਮੈਨ ਮੇਰੀ ਖਾਹਿਸ਼ ਹੈ ਮੈਂ ਪਤਾ ਨਹੀਂ ਮੈਂ ਕਰ ਸਕਾਂ ਕਿ ਨਹੀਂ ਕਰ ਸਕਾਂ ਲੇਕਿਨ ਮੇਰੀ ਖਾਹਿਸ਼ ਹੈ ਕਿ ਕੋਈ ਪੰਜਾਬੀ, ਪੰਜਾਬ ਦੀ ਕੋਈ 5000 ਤਾਰੀਖ ਤੇ ਨਾਵਲ ਲਿਖਾਂ ਜਿਹੜਾ ਹੜੱਪਾ ਤੋਂ ਸ਼ੁਰੂ ਹੋਵੇ ਔਰ ਉਹਦੇ ਚ ਜਿਸ ਤਰਾਂ ਕੁਰਾ ਤੁਰਾਨ ਹੈਦਰ ਨੇ ‘ਆਗ ਕਾ ਦਰਿਆ’ ਲਿਖਿਆ, ਉੜਦੂ ਦੇ ਵਿੱਚ, ਸਟੀਮ ਆਫ ਕੌਨਸ਼ੀਅਸਨੈਸ ਦੀ ਟਕਨੀਕ ਲੈ ਕੇ ਉਹਨੇ 1950 ਦੇ ਵਿੱਚ ਲਿਖਿਆ ਸੀ ਉਦੋਂ ਨਾਵਲ, ਪਤਾ ਨਹੀਂ ਮੈਂ ਨਹੀਂ ਸਾਰੇ ਨਾਵਲ ਪੜੇ ਉਸ ਪਾਸੇ ਦੇ ਈਸਟ ਪੰਜਾਬ ਦੇ ਸ਼ਾਇਦ ਕਿਸੇ ਨੇ ਲਿਖਿਆ ਵੀ ਹੋਵੇ, ਲੇਕਿਨ ਮੇਰੀ ਨਜਰ ਚ ਨਹੀਂ ਗੁਜਰਿਆ, ਲੇਕਿਨ ਮੈਂ ਚਾਂਹਨਾ ਵਾਂ ਕੋਈ ਵੀ ਲਿਖੇ, ਪਤਾ ਨਹੀਂ ਮੈਂ ਲਿਖਾਂ ਕਦੀ ਜਾਂ ਕੋਈ ਹੋਰ ਲਿਖੇ ਲੇਕਿਨ ਮੈਂ ਆਪਣੀ ਸਾਰੀ ਤਾਰੀਖ ਐ, ਜਿਹੜੀ ਪੁਰਾਣੀ ਤਾਰੀਖ ਐ ਸਾਡੀ ਹੜੱਪਾ ਦੀ, ਜਿਹੜਾ ਬੁਧਇਸਟ ਪੀਰੀਅਡ ਐ, ਜਿਹੜਾ ਵੈਦਿਕ ਪੀਰੀਅਡ ਐ, ਫਿਰ ਉਹਦੇ ਬਾਅਦ ਜਿਹੜਾ ਮੁਸਲਿਮ ਪੀਰੀਅਡ ਐ, ਜਿਹੜੇ ਦੂਸਰੇ ਪੀਰੀਅਡ ਨੇ, ਬ੍ਰਿਟਿਸ਼ ਐ, ਸਿੱਖ ਪੀਰੀਅਡ ਐ, ਕੋਈ ਲਿਖੇ ਇਹਦੀ ਕਹਾਣੀ ਨਾਵਲ ਦੇ ਵਿੱਚ ਲਿਖੇ, ਜਿਹੜੇ ਦੁਨੀਆਂ ਦੇ ਦੂਸਰੇ ਲਿਟਰੇਚਰਜ ਚ ਮੈਨੂੰ ਪਤਾ ਐ ਲਿਖੀਆਂ ਗਈਆਂ ਨੇ, ਹੰਗਰੀ ਦੇ ਵਿੱਚ ਕੋਈ ਨਾਵਲ ਲਿਖਿਆ ਗਿਆ ਐ, ਉਸ ਬ,ਦੇ ਨੇ ਸੈਵਨ ਜਨਰੇਸ਼ਨਜ ਦੀ ਕਹਾਣੀ ਲਿਖੀ ਐ, ਕਿਸੇ ਨਾਵਲਇਸਟ ਨੇ, ਲੇਕਿਨ ਅਸੀਂ ਇਹੋ ਜਿਹੀਆਂ ਚੀਜਾਂ ਨਹੀਂ ਲਿਖਦੇ ਅਜੇ ਅਟੈਂਪਟ ਕੀਤੀਆਂ, ਲੇਕਿਨ ਹੋਣਾ ਚਾਹੀਦਾ।